DHINDSA TRAVEL
ਬਾਜ਼ਾਰ ਨਾਲੋਂ ਸਸਤੀਆਂ ਟਿਕਟਾਂ ਦੀ ਗਰੰਟੀ
Email:dhindsatravelltd@yahoo.com
Web:www.dhindsatravels.com
3 Locations Serve You
Payal Bussiness Centre #151-8120-128St, Surrey 604-599-5599
Abbotsford #104-32059 Hillcrest Ave 604-746-2727
DUKH NIVARAN SAHIB PLAZA #111-15299 68Ave 604-744-4445

+91 77175-02848
+91 98146-12006
+91 99882-68982
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
(ਇਸ਼ਤਿਹਾਰ ਸਫ਼ਾ ਬੀ24 ਤੇ ਦੇਖੋ)
+1 778-899-1576
+1 778-207-8100
EAGLE EYE
PICK & DROP
CAR RENTALS & TAXI SERVICE 24 HOURS

Sidhu Homeopathic Clinic
Dr. Malkit Singh Sidhu D.H.M.S. (Hons.)
Dr. Kirandeep Kaur Sidhu D.H.M.S. (Pb.)
ਮਾਨਸਿਕ ਰੋਗ, ਘਬਰਾਹਟ, ਨੀਂਦ ਨਾ ਆਉਣੀ, ਦਮਾਂ, ਮੂੰਹ ਪੱਕਣਾ, ਚਮੜੀ ਰੋਗ, ਵਾਲਾਂ ਦੀ ਸਿੱਕਰੀ, ਜੋੜਾਂ ਦੇ ਦਰਦ, ਗਠੀਆ, ਯੂਰਿਕ ਐਸਿਡ, ਗੁਰਦਿਆਂ ਦੀਆਂ ਪੱਥਰੀਆਂ, ਮਰਦਾਂ ਅਤੇ ਇਸਤਰੀਆਂ ਦੇ ਰੋਗਾਂ ਅਤੇ ਨਸ਼ਾ ਛੁਡਾਉਣ ਲਈ ਹੋਮਿਓਪੈਥਿਕ ਦਵਾਈਆਂ ਨਾਲ ਇਲਾਜ ਕੀਤਾ ਜਾਂਦਾ ਹੈ।
Ph: 604-446-3154 NO SIDE EFFECTS
#109-12830-80Ave, Surrey, BC V3W 3A8 (York Centre)

ਪੰਜਾਬ ਐਬਟਸਫੋਰਡ
ਗਾਰਡੀਅਨ
PUNJAB GUARDIAN
B.C Greater Vancouver, Fraser Valley, Victoria,Nanaimo Prince George, Kamloops, Kelowna, Oliver, Squamish
ALBERTA Edmonton Calgary
ONTARIO Ottawa, Brampton Toronto
QUEBEC Montreal
USA Greater Seattle, Everett, Marysville Portland, Bellingham, Belivue, Lyndon, Lynwood
Tel: 604-590-5200 Fax:604-596-5700 Toll Free: 1-877-584-5200 Vol. 32, Issue No. 26 Ending Date: Jun 27, 2025

LW LAKHE WALE JEWELLERS
ਲੱਖੇਵਾਲੇ ਜਿਊਲਰਜ਼ ਜਗਰਾਉਂ ਵਾਲੇ
Manufacture, Retail, Wholesaler
ਅਸੀਂ ਸੋਨੇ ਦੇ ਗਹਿਣੇ ਬਣਾਉਂਦੇ ਹਾਂ ਹੋਲਸੇਲ ਅਤੇ ਰੀਟੇਲ
(604) 503-2655
#162-12899 80 Ave, Surrey
(PAYAL BUSINESS CENTRE)
www.lakhewalejewellers.com lwjwellers@gmail.com

The Mortgage Centre
ਮੌਰਟਗੇਜ ਦੇ ਵਧੀਆ ਰੇਟ ਅਤੇ ਸਹੀ ਸਲਾਹ ਲਈ ਸੰਪਰਕ ਕਰੋ
ਘਰਾਂ ਦੀ ਮੌਰਟਗੇਜ ਕੰਸਟਰਕਸ਼ਨ ਮੌਰਟਗੇਜ ਕਮਰਸ਼ੀਅਲ ਲੋਨ ਪ੍ਰਾਈਵੇਟ ਲੋਨ
- Purchases with 5% Down Payment
- Refinance & Renewals at Best Rates
- Self-employment - Special Programs
- Second Mortgage & Equity Loans (No Income Verification)
- Private financing - Easy Approvals
- Low Income & Bad Credit Financing
Satnam Saroya
Mortgage Specialist
604.760.9172
# 384-8148 128 St, Surrey
(Payal Buss. Centre)

# ਜੀ-7 ਸੰਮੇਲਨ ਦੌਰਾਨ ਕੈਲਗਰੀ ਵਿੱਚ ਕੈਨੇਡੀਅਨ ਸਿੱਖਾਂ ਵੱਲੋਂ ਨਰਿੰਦਰ ਮੋਦੀ ਦਾ ਵਿਰੋਧ




ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):- ਕੈਨੇਡਾ ਦੇ ਕੈਲਗਰੀ ਵਿਖੇ ਜੀ-7 ਨੇਤਾਵਾਂ ਦੇ ਸੰਮੇਲਨ ਵਿੱਚ ਸ਼ਾਮਲ ਹੋਣ ਤੋਂ ਪਹਿਲਾਂ ਸਿੱਖਾਂ ਨੇ ਨੀਲੇ ਅਤੇ ਪੀਲੇ ਖਾਲਿਸਤਾਨੀ ਝੰਡੇ ਲਹਿਰਾਏ ਅਤੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਨਿੰਦਾ ਕਰਦੇ ਪੋਸਟਰ ਫੜੇ ਹੋਏ ਸਨ। ਪ੍ਰਧਾਨ ਮੰਤਰੀ ਮਾਰਕ ਕਾਰਨੀ ਵੱਲੋਂ ਜੀ 7 ਸੰਮੇਲਨ ਵਿੱਚ ਮੋਦੀ ਨੂੰ ਮਹਿਮਾਨ ਵਜੋਂ ਸੱਦਾ ਦੇਣ ਤੋਂ ਬਾਅਦ ਰੋਸ ਪੈਦਾ ਹੋ ਗਿਆ ਹੈ। ਇਸ ਮੌਕੇ ਉਚੇਚੇ ਤੌਰ ਤੇ ਪਹੁੰਚੇ ਐਸਐਫਜੇ ਦੇ ਡਾਕਟਰ ਬਖਸ਼ੀਸ਼ ਸਿੰਘ ਸੰਧੂ ਨੇ ਕਿਹਾ ਕਿ ਮੋਦੀ ਦਾ ਕੈਨੇਡਾ ਵਿੱਚ ਆਉਣਾ ਮੋਦੀ ਸਰਕਾਰ ਦੇ ਅਪਰਾਧਾਂ 'ਤੇ ਰੌਸ਼ਨੀ ਪਾਉਣ ਦਾ ਇੱਕ ਮੌਕਾ ਹੈ ਅਤੇ ਇਹ ਜੀ 7 ਲਈ ਭਾਰਤ ਨੂੰ ਜ਼ਿੰਮੇਵਾਰ ਠਹਿਰਾਉਣ ਦਾ ਮੌਕਾ ਹੈ । ਅਸੀਂ ਜੀ 7 ਨੂੰ ਇਹ ਵੀ ਕਹਿੰਦੇ ਹਾਂ ਕਿ ਉਹ ਮੋਦੀ 'ਤੇ ਪੰਜਾਬ ਦੇ ਕਬਜ਼ੇ ਨੂੰ ਆਜ਼ਾਦ ਕਰਵਾਉਣ ਲਈ ਖਾਲਿਸਤਾਨ ਜਨਮਤ ਸੰਗ੍ਰਹਿ ਕਰਵਾਉਣ ਲਈ ਦਬਾਅ ਪਾਉਣ, ਤਾਂ ਜੋ ਪੰਜਾਬ ਦੇ ਲੋਕਾਂ ਨੂੰ ਸਾਰੇ ਜੀ 7 ਦੇਸ਼ਾਂ ਦੇ ਨਾਗਰਿਕਾਂ ਵਾਂਗ ਹੀ ਅਧਿਕਾਰ ਮਿਲ ਸਕਣ। ਭਾਈ ਗੁਰਮੀਤ ਸਿੰਘ ਤੂਰ, ਭਾਈ ਨਰਿੰਦਰ ਸਿੰਘ ਖਾਲਸਾ, ਭਾਈ ਮਨਜਿੰਦਰ ਸਿੰਘ, ਭਾਈ ਅਵਤਾਰ ਸਿੰਘ ਖਹਿਰਾ, ਭਾਈ ਸੰਤੋਖ ਸਿੰਘ ਖੇਲਾ ਨੇ ਕਿਹਾ ਕਿ ਕੈਨੇਡਾ ਨੇ ਸਿੱਖਾਂ ਨੂੰ (ਮੋਦੀ) ਨੂੰ ਸਿੱਧੇ ਤੌਰ 'ਤੇ ਚੁਣੌਤੀ ਦੇਣ ਅਤੇ ਅਗਲੇ ਉਨ੍ਹਾਂ ਵਲੋਂ ਕੀਤੇ ਗਏ ਅਪਰਾਧਾਂ 'ਤੇ ਹਮਲਾ ਕਰਨ ਦਾ ਮੌਕਾ ਦਿੱਤਾ, ਜਿਸ ਲਈ ਅਸੀਂ ਧੰਨਵਾਦੀ ਹਾਂ। ਉਨ੍ਹਾਂ ਕਿਹਾ ਕਿ ਭਾਵੇਂ ਭਾਰਤ ਜੀ 7 ਦਾ ਹਿੱਸਾ ਨਹੀਂ ਹੈ, ਪਰ ਹੁਣ ਉਨ੍ਹਾਂ 'ਤੇ ਦਬਾਅ ਪਾਇਆ ਜਾ ਸਕਦਾ ਹੈ ਅਤੇ ਓਸ ਨੂੰ ਇੰਨ੍ਹਾ ਤੋਂ ਅਲੱਗ-ਥਲੱਗ ਕੀਤਾ ਜਾ ਸਕਦਾ ਹੈ। ਅਤੇ ਸਾਨੂੰ ਉਨ੍ਹਾਂ ਸਵਾਲਾਂ ਦੇ ਜਵਾਬ ਮਿਲ ਸਕਦੇ ਹਨ, ਜਿਸ ਨਾਲ ਉਨ੍ਹਾਂ ਨੂੰ ਦੁਨੀਆ ਭਰ ਦੇ ਕਾਰਕੁਨਾਂ ਵਿਰੁੱਧ ਅਪਰਾਧਾਂ ਲਈ ਅੰਤਰਰਾਸ਼ਟਰੀ ਪੱਧਰ 'ਤੇ ਜਵਾਬਦੇਹ ਠਹਿਰਾਇਆ ਜਾ ਸਕਦਾ ਹੈ। ਜਿਕਰਯੋਗ ਹੈ ਕਿ ਵਿਦੇਸ਼ਾਂ ਅੰਦਰ ਵਿਚਰ ਰਹੇ ਆਜ਼ਾਦੀ ਪਸੰਦ ਸਿੱਖ ਕਾਰਕੁੰਨ ਲੰਬੇ ਸਮੇਂ ਤੋਂ ਭਾਰਤ ਵਿੱਚ ਇੱਕ ਸੁਤੰਤਰ ਸਿੱਖ ਰਾਜ, ਜਿਸਨੂੰ ਪੰਜਾਬ (ਖਾਲਿਸਤਾਨ) ਵਜੋਂ ਜਾਣਿਆ ਜਾਂਦਾ ਹੈ, ਦੀ ਵਕਾਲਤ ਕਰ ਰਹੇ ਹਨ, ਨੇ ਮੋਦੀ ਸਰਕਾਰ ਲਈ ਇੱਕ ਚੁਣੌਤੀ ਪੇਸ਼ ਕੀਤੀ ਹੋਈ ਹੈ। ਇਥੇ ਦਸਣਯੋਗ ਹੈ ਕਿ ਕੈਨੇਡਾ ਦੀ ਆਰਸੀਐਮਪੀ ਨੇ ਮੋਦੀ ਸਰਕਾਰ 'ਤੇ ਕੈਨੇਡਾ ਵਿੱਚ ਕਤਲ, ਜ਼ਬਰਦਸਤੀ ਅਤੇ ਜਬਰੀ ਵਸੂਲੀ ਵਿੱਚ ਭੂਮਿਕਾ ਨਿਭਾਉਣ ਦਾ ਦੋਸ਼ ਲਗਾਇਆ ਸੀ। ਇਸ ਤੋਂ ਪਹਿਲਾਂ, 2023 ਵਿੱਚ, ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਭਾਰਤੀ ਸਰਕਾਰੀ ਏਜੰਟਾਂ 'ਤੇ ਸਰੀ, ਬੀਸੀ ਵਿੱਚ ਸਿੱਖ ਕਾਰਕੁਨ ਭਾਈ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਵਿੱਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਸੀ। ਇਸ ਮੌਕੇ ਕੁਝ ਪ੍ਰਦਰਸ਼ਨਕਾਰੀਆਂ, ਜਿਨ੍ਹਾਂ ਦੇ ਮੋਢਿਆਂ 'ਤੇ ਯੂਕਰੇਨੀ ਝੰਡੇ ਸਨ, ਨੇ ਕਿਹਾ ਕਿ ਉਹ ਦੇਸ਼ 'ਤੇ ਰੂਸ ਦੇ ਹਮਲੇ ਦਾ ਵਿਰੋਧ ਕਰ ਰਹੇ ਸਨ। ਗਾਜ਼ਾ 'ਤੇ ਇਜ਼ਰਾਈਲ ਦੀ ਜੰਗ ਦੀ ਨਿੰਦਾ ਕਰਨ ਵਾਲੇ ਕੁਝ ਕਾਰਕੁੰਨ ਵੀ ਸਨ। ਕੁਝ ਜਲਵਾਯੂ ਪ੍ਰਦਰਸ਼ਨਕਾਰੀਆਂ ਨੇ ਤਖਤੀਆਂ ਫੜੀਆਂ ਹੋਈਆਂ ਸਨ ਜਿਨ੍ਹਾਂ ਵਿੱਚੋਂ ਇੱਕ "ਪਾਣੀ ਜੀਵਨ ਹੈ" ਅਤੇ ਦੂਜਾ "ਤੇਲ ਅਤੇ ਗੈਸ ਤੁਹਾਨੂੰ ਪਿਆਰ ਨਹੀਂ ਕਰਦੇ" ਲਿਖਿਆ ਸੀ। ਕੈਨੇਡਾ ਸੰਯੁਕਤ ਰਾਜ, ਫਰਾਂਸ, ਯੂਨਾਈਟਿਡ ਕਿੰਗਡਮ, ਜਰਮਨੀ, ਜਾਪਾਨ, ਇਟਲੀ ਅਤੇ ਯੂਰਪੀਅਨ ਯੂਨੀਅਨ ਦੇ ਨੇਤਾਵਾਂ ਦੀ ਮੇਜ਼ਬਾਨੀ ਕਰ ਰਿਹਾ ਹੈ।

ਸੁਪਰ ਵੀਜ਼ਾ
ਦੇ ਲਈ ਵਿਜ਼ਟਰ ਇਨਸ਼ੋਰੈਂਸ
ਜਸਵੀਰ ਗਰੇਵਾਲ
778 317 6262
ਆਪਣਾ ਜੀਵਨ ਬੀਮਾ ਕਰਵਾਉਣਾ, ਆਪਣੇ ਭਰੋਸੇ ਨੂੰ ਪੱਕਿਆਂ ਕਰਨਾ ਹੈ

Colorful Painting Ltd
ਨਵੇਂ ਜਾਂ ਪੁਰਾਣੇ ਘਰ/ਵਪਾਰ 'ਤੇ ਅੰਦਰ ਜਾਂ ਬਾਹਰ ਰੰਗ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ।
Commercial & Residential
Interior & Exterior
Ph:604-897-2526

TRANSWORLD TRAVEL
ਗੇੜਾ ਜਿੱਥੇ ਮਰਜੀ ਲਾਉ, ਸਸਤੀ ਟਿਕਟ ਸਾਡੇ ਕੋਲੋਂ ਹੀ ਬਣਵਾਉ
ਇੰਡੀਆ ਲਈ ਸਸਤੀਆਂ ਸਿੱਧੀਆਂ ਟਿਕਟਾਂ ਲਉ
ਪੈਸੇ ਭੇਜਣ ਜਾਂ ਮੰਗਵਾਉਣ ਲਈ ਸੰਪਰਕ ਕਰੋ
Air Canada Direct YVR to Delhi
604-852-2204

ਇੰਡੀਆ ਪੈਸੇ ਭੇਜਣ ਜਾਂ ਮੰਗਵਾਉਣ ਲਈ ਇੱਕੋ ਇੱਕ ਨਾਮ
ZIRA CURRENCY EXCHANGER LTD.
ਡਾਲਰ ਦਾ ਸਭ ਤੋਂ ਵਧੀਆ ਰੇਟ
ਬਖਸ਼ੀਸ਼ ਸਿੰਘ ਜ਼ੀਰਾ, 604-562-7000, 604-314-0000
#397-8148-128 ST. (PAYAL BUSINESS CENTRE) SURREY

ਵਰਕਰਾਂ ਦੀ ਲੋੜ
ਲੋਅਰ ਮੇਨਲੈਂਡ ਦੀ ਮਸ਼ਹੂਰ ਤੇ ਪੁਰਾਣੀ ਕੰਪਨੀ ਜੈਸ ਕੰਸਟਰਕਸ਼ਨ ਨੂੰ ਫਰੇਮਿੰਗ ਦੇ ਕੰਮ ਲਈ ਤਜਰਬੇਕਾਰ ਅਤੇ ਬਿਨਾ ਤਜਰਬੇ ਤੋਂ ਵਰਕਰਾਂ ਦੀ ਤੁਰੰਤ ਲੋੜ ਹੈ।ਰਾਈਡ ਦਾ ਪ੍ਰਬੰਧ ਹੋਵੇਗਾ।
Ph:604-209-2722

A-CLASS FOREIGN EXCHANGE
ਤੁਸੀਂ ਇੰਡੀਆ ਨੂੰ ਪੈਸੇ ਜਿਸ ਰਾਹੀਂ ਮਰਜ਼ੀ ਭੇਜੋ ਪਰ ਸਾਡੇ ਨਾਲ ਰੇਟ ਜ਼ਰੂਰ ਚੈਕ ਕਰੋ
24 ਘੰਟਿਆਂ 'ਚ ਆਪਣੇ ਪੈਸੇ ਭੇਜਣ ਜਾਂ ਮੰਗਵਾਉਣ ਲਈ
ਹਰਮੀਤ ਸਿੰਘ ਖੁੱਡੀਆਂ
Punjab Travels
#204-2642 Ceder Park Place Abbotsford
604-825-2222

ਗੁਰੂ ਨਾਨਕ ਜਿਊਲਰਜ਼ ਲਿਮ.
24k & 22k Gold Jewelry
Lucky Stones
Gemstones
40% OFF
Seiko & Citizen Watches
ABBOTSFORD LOCATION
#103 - 2752 Allwood St. Abbotsford, BC V2T 3R7
604-864-6066 | 604-853-5259

IATA Accredited Agent
SIDHU TRAVEL LTD.
Rani Sidhu:604-504-3400
Aman:604-800-3003
BESTWAY Foreign Exchange Ltd.
Sony Sidhu (Zira)
Ph: 778-246-2500 604-592-2676
Unit 109, 12830-80 Ave York Centre Surrey

J&J FRESH LOOK HOMES LTD..
ਫਰੇਮਿੰਗ ਦੇ ਕਈ ਸਾਲਾਂ ਦੇ ਤਜਰਬੇ ਤੋਂ ਬਾਦ ਹੁਣ ਮੁਕੰਮਲ ਘਰ ਬਣਾਉਣ ਦਾ ਕੰਮ ਸ਼ੁਰੂ
*Custom Houses *Project Management *Residential *Buildings
Jarnail Singh Maan:
604.832.9308
maanjarnail@gmail.com
#136-1779 Clearbrook Rd, Abbotsford

MOHIE Travel Ltd.
#136-1779 Clearbrook Rd, Abbotsford
• DOMESTIC & INTERNATIONAL TICKETS • TOURS , CRUISES
ਅਸੀਂ ਪਾਸਪੋਰਟ ਬਣਾਉਣ ਲਈ ਹਰੇਕ ਤਰ੍ਹਾਂ ਦੇ ਫਾਰਮ ਭਰਦੇ ਹਾਂ
ਟਰੈਵਲ ਟਿਕਟ ਸਰਵਿਸਿਜ਼
Contact Jarnail S Maan
604-746-9222
Email:mohietravel@gmail.com

Universal Auto Collision Ltd.
We Moved To New Location
27441-FRASER HWY. ALDERGROVE, BC
• ICBC Claims • Private Claims • Free Courtesy Cars • Auto Glass Replacement • Free Estimates
Fax:604-596-3800 Ph. 604-596-2800
Satisfaction Guarantee

PACIFIC NURSERIES
*Certified Imported from USA
*High Quality & Healty Plants
*Ready to Plant *Potted in One Gallon
ONLY FOR WHOLESALERS
TO BOOK YOUR ORDER CONTACT:
ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਤਿਆਰ ਹਨ
778-552-0305

# FARM AND SPICE

## Weekly Special

Senior Citizen Discount
5% Off
Every Thursday
Except on Dairy Products

## June 20 - 26



ਸੰਤਰੇ
Mandarins / Kinno
Per lb
$1.49



ਪੇਠਾ ਕਦੂ
Petha Kadu
Per lb
$1.99



ਰੋਮਾ ਟਮਾਟਰ
Roma Tomato
Per lb
$0.99



ਲਸਣ
Garlic
Per lb
$1.49



ਰੁਸੈਟ ਆਲੂ
Russet Potatoes
10 Lbs each
$3.99



ਅਦਰਕ
Ginger
per lb
$1.49



ਗੋਭੀ
Cauliflower
each
$1.99



ਲੰਬੇ ਖੀਰੇ
Long Cucumber
2 for
$0.99



ਅੰਬੇ ਸਰੋਂ ਦਾ ਤੇਲ
Ambay Mustard Oil
1 Ltr
$4.99



ਅੰਬੇ ਪੇਸੀ ਗੁੜ
Ambay Pesi Gur
1 Kg
$3.99



ਹੀਮਾਨੀ ਬਾਸਮਤੀ
Hemani Premium XXL Basmati Rice
11 Lbs
$11.99



ਸਵੇਰਾ ਪਨੀਰ
Savera Paneer
341 gms
$4.49



ਬਰਾਰ ਰਸਮਲਾਈ
Brar Rasmalai Assorted
850 gms
$8.99



ਸਵੇਰਾ ਦੇਸੀ ਘਿਓ
Savera Desi Ghee
3.5 Lbs each
$23.99



ਆਸ਼ਿਰਵਾਦ ਆਟਾ
Aashirwad Whole Wheat Atta
20 Lbs
$15.99



ਮੈਪਸਟਰ ਗੋਲਗਪੇ
Mampster Golgappa
290 gms
$8.99

*while supply last

Open 7 Days a Week
8:30 am to 9:00 pm

farmandspice.com

#9546-9548 Scott Town Plaza
96 Ave Scott Road Surrey

# 09-10 12830 96 Ave.
Surrey BC | Tel: 604 930 7742

# 103-104 14320 64 Ave.
Surrey BC | Tel: 604 593 6323

# ਪੁਲਿਸ ਨੇ ਫਿਰੌਤੀ ਮੰਗਣ ਵਾਲਿਆਂ ਖਿਲਾਫ ਕਾਰਵਾਈ ਲਈ ਵੱਡੀ ਮੁਹਿੰਮ ਛੇੜੀ

ਸਰੀ:ਪੁਲਿਸ ਨੇ ਪੰਜਾਬੀ ਭਾਈਚਾਰੇ ਵਿੱਚ ਜਬਰਦਸਤੀ ਫਿਰੌਤੀ ਮੰਗਣ ਵਾਲਿਆਂ ਦਾ ਮੁਕਾਬਲਾ ਕਰਨ ਲਈ ਟੀਮ ਗਠਨ ਕੀਤੀ ਹੈ। ਲੋਕਾਂ ਅਤੇ ਕਾਰੋਬਾਰਾਂ ਤੋਂ ਜਬਰਦਸਤੀ ਫਿਰੌਤੀ ਦੀਆਂ ਰਿਪੋਰਟਾਂ ਕਾਰਣ ਪੁਲੀਸ ਬਹੁਤ ਗੰਭੀਰ ਹੋ ਗਈ ਹੈ। ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਪਿਛਲੇ ਛੇ ਮਹੀਨਿਆਂ ਵਿੱਚ ਲੋਕਾਂ ਨੂੰ ਹਿੰਸਾ ਦੀਆਂ ਧਮਕੀਆਂ ਦੇ ਤਹਿਤ ਪੈਸੇ ਦੀ ਮੰਗ ਕਰਨ ਵਾਲੇ ਪੱਤਰ, ਫੋਨ ਕਾਲ ਜਾਂ ਸੋਸ਼ਲ ਮੀਡੀਆ ਸੁਨੇਹੇ ਮਿਲਣ ਦੀਆਂ 10 ਸ਼ਿਕਾਇਤਾਂ ਆਈਆਂ ਹਨ। ਸਰੀ ਪੁਲਿਸ ਮੁਖੀ ਨੌਰਮ ਲਿਪਿੰਸਕੀ ਦਾ ਕਹਿਣਾ ਹੈ ਕਿ ਜਬਰਨ ਵਸੂਲੀ ਦੇ ਰੁਝਾਨ ਨਾਲ ਹੁਣ ਸਿੱਧੇ ਤੌਰ ‘ਤੇ ਨਜਿੱਠਣਾ ਪਵੇਗਾ, ਪਰ ਪੀੜਤਾਂ ਅਤੇ ਵਿਆਪਕ ਭਾਈਚਾਰੇ ਨਾਲ ਮਿਲ ਕੇ ਇਸ ਨਾਲ ਨਜਿੱਠਣ ਲਈ ਸਹਿਯੋਗ ਕਰਨਾ ਵੀ ਮਹੱਤਵਪੂਰਨ ਹੈ। ਸਰੀ ਪ੍ਰੋਵਿੰਸ਼ੀਅਲ ਆਪ੍ਰੇਸ਼ਨ ਸਪੋਰਟ ਯੂਨਿਟ ਦੇ ਨਾਲ ਆਰਸੀਐਮਪੀ ਚੀਫ਼ ਸੁਪਰਡੈਂਟ ਵੈਂਡੀ ਮੇਹਟ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਚਿੰਤਾ ਹੈ ਕਿ ਕਈ ਪੀੜਤ ਹੋ ਸਕਦੇ ਹਨ ਜਿਨ੍ਹਾਂ ਨੇ ਫਿਰੌਤੀਆਂ ਦੇ ਦਿੱਤੀਆਂ ਹਨ ਅਤੇ ਪੁਲਿਸ ਕੋਲ ਨਹੀਂ ਗਏ ਹਨ। ਜੇ ਕਿਸੇ ਕੋਲੋਂ ਫਿਰੌਤੀ ਦੀ ਮੰਗ ਕੀਤੀ ਜਾਂਦੀ ਹੈ ਉਹ ਪੁਲਿਸ ਨਾਲ ਸੰਪਰਕ ਕਰਨ ਕਿਉਂਕਿ ਪੁਲਿਸ ਅਧਿਕਾਰੀ ਇਨ੍ਹਾਂ ਘਟਨਾਵਾਂ ਨੂੰ ਰੋਕਣ ਅਤੇ ਜ਼ਿੰਮੇਵਾਰ ਲੋਕਾਂ ਨੂੰ ਜਵਾਬਦੇਹ ਬਣਾਉਣ ਲਈ ਕੰਮ ਕਰ ਰਹੇ ਹਨ।


# ਕੈਨੇਡੀਅਨ ਸਿੱਖਾਂ ਨੇ ਕੈਨੇਡਾ ਪਾਰਲੀਮੈਂਟ ਮੂਹਰੇ ਜੂਨ 1984 ਦੇ ਘੱਲੂਘਾਰੇ ਅਤੇ ਮੋਦੀ ਨੂੰ ਸੱਦੇ ਵਿਰੁੱਧ ਕੀਤਾ ਭਾਰੀ ਮੁਜ਼ਾਹਰਾ



ਨਵੀਂ ਦਿੱਲੀ (ਮਨਪ੍ਰੀਤ ਸਿੰਘ ਖਾਲਸਾ):ਕੈਨੇਡੀਅਨ ਸਿੱਖਾਂ ਨੇ ਓਟਾਵਾ ਪਾਰਲੀਮੈਂਟ ਹਿੱਲ ਕੈਨੇਡਾ ਵਿਖੇ ਪਾਰਲੀਮੈਂਟ ਮੂਹਰੇ ਜੂਨ 1984 ਦੇ ਘਲੂਘਾਰੇ ਅਤੇ ਜੀ 7 ਵਿਚ ਭਾਰਤ ਦੇ ਪੀਐਮ ਨਰਿੰਦਰ ਮੋਦੀ ਨੂੰ ਦਿੱਤੇ ਗਏ ਸੱਦੇ ਤੇ ਰੋਸ ਜ਼ਾਹਿਰ ਕਰਦਿਆਂ ਭਾਰੀ ਗਿਣਤੀ ਵਿਚ ਰੋਸ ਮੁਜਾਹਿਰਾ ਕੀਤਾ। ਇਸ ਮੌਕੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਤੋਂ ਬਸਾਂ ਅਤੇ ਆਪਣੀ ਨਿੱਜੀ ਗੱਡੀਆਂ ਰਾਹੀਂ ਸਵੇਰ ਤੋਂ ਹੀ ਸੰਗਤਾਂ ਪਾਰਲੀਮੈਂਟ ਮੂਹਰੇ ਖਾਲਸਾਈ ਝੰਡੇ ਲੋਕ ਪਹੁੰਚਣੀ ਸ਼ੁਰੂ ਹੋ ਚੁੱਕੀ ਸੀ ਤੇ ਮੁਜਾਹਿਰੇ ਸੁਰ ਹੋਣ ਸਮੇਂ ਤਕ ਹਰ ਪਾਸੇ ਖਾਲਿਸਤਾਨੀ ਝੰਡੇ ਨਜ਼ਰ ਆ ਰਹੇ ਸਨ ਤੇ ਸੰਗਤਾਂ ਖਾਲਿਸਤਾਨ ਦੇ ਹਕ ਵਿਚ ਨਾਹਰੇ ਲਗਾ ਰਹੀਆਂ ਸਨ। ਇਸ ਮੌਕੇ ਉਚੇਚੇ ਤੌਰ ਤੇ ਭਾਈ ਸੰਤੋਖ ਸਿੰਘ ਖੇਲਾ, ਗੁਰਦੁਆਰਾ ਸਾਹਿਬ ਦੇ ਸਕੱਤਰ ਜਸਵਿੰਦਰ ਸਿੰਘ ਵੀਂ ਭਾਰੀ ਗਿਣਤੀ ਵਿਚ ਸੰਗਤਾਂ ਨੂੰ ਆਪਣੇ ਨਾਲ ਲੈ ਕੇ ਮੁਜਾਹਿਰੇ ਵਿਚ ਪਹੁੰਚੇ ਸਨ। ਇਸ ਮੌਕੇ ਬਾਬਾ ਖੇਲਾ ਨੇ ਸੰਗਤਾਂ ਨੂੰ ਜੂਨ 1984 ਦੇ ਘਲੂਘਾਰੇ ਬਾਰੇ ਜਾਣਕਾਰੀ ਦਿੱਤੀ ਅਤੇ ਕਿਹਾ ਕਿ ਗੁਰੂ ਮਹਾਰਾਜ ਦੇ ਪੰਥ ਉਜਾਗਰ ਰਖਣ ਵਾਸਤੇ ਸਿੰਘਾਂ, ਨੇ ਅਜੇਹੇ ਅਨੇਕਾਂ ਕਾਰਨਾਮੇ ਕੀਤੇ। ਅਸਲ ਗੱਲ ਇਹ ਹੈ, ਕਿ ਉਹ ਜਿਉਂਦੇ ਹੀ ਕੇਵਲ ਮਰਦਾਂ ਵਾਂਗ ਮਰਨ ਵਾਸਤੇ ਸਨ। ਮੌਤ ਦਾ ਭੈਅ ਉਹਨਾਂ ਦੇ ਨੇੜੇ ਕਦੇ ਨਹੀਂ ਸੀ ਲੰਘਿਆ। ਅੰਮ੍ਰਿਤ ਛਕ ਕੇ ਸਿੰਘ ਸਜਦਾ ਹੀ ਓਹਾ ਸੀ, ਜਿਹੜਾ ਧਰਮ ਦੀ ਖ਼ਾਤਰ ਮਰਨਾ ਪਰਵਾਨ ਕਰ ਲੈਂਦਾ ਸੀ। ਸਿੰਘ ਸਜਣ ਵਾਲਾ ਹੀ ਨਹੀਂ, ਉਹਦੇ ਘਰਦੇ ਅਤੇ ਸੰਬੰਧੀ ਵੀ ਇਹੋ ਸਮਝ ਲੈਂਦੇ ਸਨ, ਕਿ ਇਹ ਪੰਥ ਦੀ ਖ਼ਾਤਰ ਮਰਨੇ ਵਾਸਤੇ ਹੀ ਸਿੰਘ ਸਜਿਆ ਹੈ। ਇਸ ਮੌਕੇ ਹਾਜ਼ਰੀਨ ਸੰਗਤਾਂ ਵਲੋਂ ਜੀ 7 ਵਿਚ ਭਾਰਤ ਦੇ ਪੀਐਮ ਨਰਿੰਦਰ ਮੋਦੀ ਨੂੰ ਦਿੱਤੇ ਗਏ ਸੱਦੇ ਦਾ ਸਖ਼ਤ ਵਿਰੋਧ ਕੀਤਾ ਗਿਆ ਅਤੇ ਓਸ ਦੀ ਆਮਦ ਤੇ ਕੈਲਗਰੀ ਵਿਖੇ ਭਾਰੀ ਰੋਸ ਮੁਜਾਹਿਰੇ ਦੀ ਚੇਤਾਵਨੀ ਦੇਂਦਿਆ ਸੰਗਤਾਂ ਨੂੰ ਵੱਧ ‘ ਤੋਂ ਵੱਧ ਗਿਣਤੀ ਅੰਦਰ ਪਹੁੰਚਣ ਦੀ ਅਪੀਲ ਕੀਤੀ ਗਈ। ਇਸ ਮੌਕੇ ਭਾਈ ਸੰਤੋਖ ਸਿੰਘ ਖੇਲਾ, ਭਾਈ ਜਸਵਿੰਦਰ ਸਿੰਘ ਸਕੱਤਰ, ਭਾਈ ਬਲਕਾਰ ਸਿੰਘ, ਭਾਈ ਗੁਪੇਸ਼ ਸਿੰਘ, ਭਾਈ ਜਸ਼ਨ ਸਿੰਘ, ਭਾਈ ਨਿਰਮਲ ਸਿੰਘ ਹੱਡਸਨ ਸਮੇਤ ਵੱਡੀ ਗਿਣਤੀ ਵਿਚ ਸੰਗਤਾਂ ਨੇ ਰੋਸ ਮੁਜਾਹਿਰੇ ਅੰਦਰ ਹਾਜ਼ਿਰੀ ਭਰੀ ਸੀ।

# ਅਮਰੀਕਾ ਦਾਖਲ ਨਹੀਂ ਹੋ ਸਕਣਗੇ 36 ਮੁਲਕਾਂ ਦੇ ਲੋਕ

ਵਾਸ਼ਿੰਗਟਨ:ਦੁਨੀਆਂ ਦੇ 36 ਹੋਰ ਮੁਲਕਾਂ ਦੇ ਲੋਕ ਅਮਰੀਕਾ ਦਾਖਲ ਨਹੀਂ ਹੋ ਸਕਣਗੇ। ਜੀ ਹਾਂ, ਰਾਸ਼ਟਰਪਤੀ ਡੌਨਲਡ ਟਰੰਪ ਵੱਲੋਂ 19 ਮੁਲਕਾਂ ਦੇ ਨਾਗਰਿਕਾਂ ਉਤੇ ਆਵਾਜਾਈ ਪਾਬੰਦੀਆਂ ਲਾਗੂ ਕਰਨ ਮਗਰੋਂ 36 ਹੋਰਨਾਂ ਦੀ ਸ਼ਨਾਖਤ ਕੀਤੀ ਗਈ ਹੈ ਜਿਨ੍ਹਾਂ ਦੇ ਨਾਗਰਿਕ ਅਮਰੀਕਾ ਦਾ ਜਹਾਜ਼ ਨਹੀਂ ਚੜ੍ਹ ਸਕਣਗੇ। ਟਰੰਪ ਨੇ ਦਾਅਵਾ ਕੀਤਾ ਕਿ ਵੀਜ਼ਾ ਮਿਆਦ ਲੰਘਣ ਦੇ ਬਾਵਜੂਦ ਅਮਰੀਕਾ ਛੱਡ ਕੇ ਨਾ ਜਾਣ ਵਾਲੇ ਵਿਦੇਸ਼ੀ ਨਾਗਰਿਕ ਇਕ ਮਗਰੋਂ ਇਕ ਅਤਿਵਾਦੀ ਹਮਲੇ ਕਰ ਰਹੇ ਹਨ ਅਤੇ ਸਾਰਾ ਕਸੂਰ ਜੋਅ ਬਾਇਡਨ ਦਾ ਬਣਦਾ ਹੈ ਜਿਨ੍ਹਾਂ ਵੱਲੋਂ ਲੱਖਾਂ ਦੀ ਗਿਣਤੀ ਵਿਚ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਮੁਲਕ ਵਿਚ ਦਾਖਲਾ ਦਿਤਾ ਗਿਆ। ਟਰੰਪ ਸਰਕਾਰ ਵੱਲੋਂ ਇਨ੍ਹਾਂ 36 ਮੁਲਕਾਂ ਨੂੰ ਆਪਣਾ ਅਕਸ ਸੁਧਾਰਨ ਵਾਸਤੇ 60 ਦਿਨ ਦਾ ਸਮਾਂ ਵੀ ਦਿਤਾ ਗਿਆ ਹੈ ਅਤੇ ਜੇ ਇਸ ਦੌਰਾਨ ਹਾਲਾਤ ਵਿਚ ਤਬਦੀਲੀ ਮਹਿਸੂਸ ਹੋਈ ਤਾਂ ਪਾਬੰਦੀਆਂ ਦਾ ਘੇਰਾ ਹਟਾਇਆ ਜਾ ਸਕਦਾ ਹੈ। ਨਵੀਆਂ ਆਵਾਜਾਈ ਪਾਬੰਦੀਆਂ ਦੇ ਘੇਰੇ ਵਿਚ ਆਏ ਮੁਲਕਾਂ ਵਿਚ ਡੋਮੀਨਿਕਾ, ਇਥੀਓਪੀਆ, ਮਿਸਰ, ਘਾਨਾ, ਕਿਰਗਿਸਤਾਨ, ਕੰਬੋਡੀਆ, ਅੰਗੋਲਾ, ਐਂਟੀਗੁਆ ਐਂਡ ਬਾਰਮੂਡਾ, ਕੈਮਰੂਨ, ਸੀਰੀਆ, ਸਾਊਥ ਸੂਡਾਨ, ਤਨਜ਼ਾਨੀਆ, ਯੁਗਾਂਡਾ, ਲਾਇਬੇਰੀਆ, ਡੈਮੋਕ੍ਰੈਟਿਕ ਰਿਪਬਲਿਕ ਆਫ਼ ਕਾਂਗੋ, ਜ਼ਾਂਬੀਆ ਅਤੇ ਜ਼ਿੰਬਾਬਵੇ ਸ਼ਾਮਲ ਹਨ। ਨਿਊ ਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਸਬੰਧਤ ਮੁਲਕਾਂ ਨੂੰ ਸਕ੍ਰੀਨਿੰਗ ਚਿੰਤਾਵਾਂ ਦੂਰ ਕਰਨ ਲਈ ਠੋਸ ਕਾਰਵਾਈ ਕਰਨ ਦਾ ਸੱਦਾ ਦਿਤਾ ਗਿਆ ਹੈ। ਟਰੰਪ ਸਰਕਾਰ ਵੱਲੋਂ ਉਨ੍ਹਾਂ ਮੁਲਕਾਂ ਨੂੰ ਤਰਜੀਹੀ ਤੌਰ ਫ਼ਰਸਤੋਤੇ ਨਿਸ਼ਾਨਾ ਬਣਾਇਆ ਗਿਆ ਹੈ ਜਿਥੇ ਕੇਂਦਰ ਸਰਕਾਰਾਂ ਨਦਾਰਦ ਹਨ ਅਤੇ ਵੱਡੇ ਪੱਧਰ ਫ਼ਰਸਤੋਤੇ ਹਿੰਸਾ ਦਾ ਮਾਹੌਲ ਹੈ। ਇਥੇ ਦਸਣਾ ਬਣਦਾ ਹੈ ਕਿ ਇਸ ਤੋਂ ਪਹਿਲਾਂ ਟਰੰਪ ਸਰਕਾਰ ਨੇ ਉਨ੍ਹਾਂ ਮੁਲਕਾ ਨੂੰ ਨਿਸ਼ਾਨਾ ਬਣਾਇਆ ਜਿਨ੍ਹਾਂ ਵੱਲੋਂ ਅਮਰੀਕਾ ਤੋਂ ਡਿਪੋਰਟ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਪ੍ਰਵਾਨ ਕਰਨ ਤੋਂ ਨਾਂਹ ਕੀਤੀ ਗਈ ਜਿਨ੍ਹਾਂ ਵਿਚ ਅਫ਼ਗਾਨਿਸਤਾਨ, ਈਰਾਨ, ਲੀਬੀਆ, ਮਿਆਂਮਾਰ, ਸੂਡਾਨ, ਸੋਮਾਲੀਆ ਅਤੇ ਯਮਨ ਸ਼ਾਮਲ ਸਨ।

BADH
26 Years Experience in Accounting
Accounting Services
* Tax Forms Fill up * Accounting
* Payroll * Business Income Tax
* Personal Income Tax * Bookkeeping
* T4 & Workers Compensation Forms
604-325-8370
Fax: 604-325-6654

# 1393 - 20800 - WESTMINSTER HWY, RICHMOND, BC
Jasbir Singh Badh

Charlesworth insurance services ltd.
Servicing the following insurance needs:
• Homeowners • Condo • Cargo
• Tenants • RV's • Liability
• Farms • Business • Auto
• Travel • Contractors • Private Auto
• Life • Disability • Marriage Licence Issuer
autoplan
"For Fast, Friendly and Reliable Service!"

Phone: 604-852-2565
Fax: 852-2996
OPEN 7 DAYS A WEEK
MON, TUE, WED 8:30 AM - 8 PM
THUR, FRI 8:30 AM - 9 PM
SATURDAY 9 AM - 6 PM
SUN & HOLIDAYS 10 AM - 5 PM
1A-32465 South Fraser Way, Abbotsford, BC V2T 1X4

KOHALY PRINTING
Tel:604.594.2324 Fax:604.594.2361
Unit 210-12837-76th Ave, Surrey, B.C V3W2V3
www.kohalyprinting.com Email: info@kohalyprinting.com
Wedding Cards
ਵਿਆਹ ਦੇ ਕਾਰਡ

Best Rates
ਵਿਆਹ ਦੇ ਕਾਰਡ
Letterheads, Business Cards, Envelops Invoices, Flyers, Folding, Stitching, Numbering, Rubbers Stamps, Receipt Books, Brochures All kinds of Signs and Decals
ਲੈਟਰਹੈੱਡ, ਬਿਜਨਸ ਕਾਰਡ, ਲਫਾਫੇ, ਇਨਵੋਏਸਿਸ, ਇਸ਼ਤਿਹਾਰ, ਫੋਲਡਿੰਗ, ਸਟਿਚਿੰਗ, ਨੰਬਰਿੰਗ, ਰਬਰ ਸਟੈਂਪਸ, ਰਸੀਦ ਬੁੱਕ, ਬਰਾਊਚਰਜ ਅਤੇ ਹਰ ਤਰ੍ਹਾਂ ਦੇ ਸਾਈਨ ਤੇ ਡੈਕਲ
ਵਧੀਆ ਪ੍ਰਿੰਟਿੰਗ ਅਤੇ ਘੱਟ ਘੱਟ ਕੀਮਤਾਂ ਤੇ ਪ੍ਰਿੰਟਿੰਗ ਦਾ ਕੰਮ ਕਰਾਉਣ ਲਈ ਸਾਡੇ ਨਾਲ ਸੰਪਰਕ ਕਰੋ

# ਮੈਨੂੰ ਵਿਸ਼ਵਾਸ ਨਹੀਂ ਕਿ ਮੈਂ ਕਿਸ ਤਰ੍ਹਾਂ ਬਚ ਗਿਆ:ਰਮੇਸ਼ ਕੁਮਾਰ

ਅਹਿਮਦਾਬਾਦ:ਅਹਿਮਦਾਬਾਦ ਜਹਾਜ਼ ਹਾਦਸੇ 'ਚ ਜਿਊਂਦਾ ਬਚੇ ਇਕਲੌਤੇ ਯਾਤਰੀ ਰਮੇਸ਼ ਵਿਸ਼ਵਾਸ ਨੇ ਦੱਸਿਆ ਕਿ ਮੈਨੂੰ ਵਿਸ਼ਵਾਸ ਨਹੀਂ ਹੁੰਦਾ ਕਿ ਮੈਂ ਕਿਸ ਤਰ੍ਹਾਂ ਜਿਊਂਦਾ ਬਚ ਗਿਆ। ਸ਼ਾਇਦ ਦਰਵਾਜ਼ਾ ਟੁੱਟਿਆ ਅਤੇ ਸੀਟ ਸਮੇਤ ਥੱਲੇ ਡਿੱਗ ਗਿਆ। ਮੈਨੂੰ ਕੁਝ ਯਾਦ ਨਹੀਂ। ਰਮੇਸ਼ ਕੁਮਾਰ ਅਹਿਮਦਾਬਾਦ ਸਿਵਲ ਹਸਪਤਾਲ 'ਚ ਭਰਤੀ ਹੈ। ਪ੍ਰਧਾਨ ਮੰਤਰੀ ਨੇ ਸ਼ੁੱਕਰਵਾਰ ਨੂੰ ਉਸ ਨਾਲ ਮੁਲਾਕਾਤ ਕੀਤੀ ਅਤੇ ਹਾਲਚਾਲ ਪੁੱਛਿਆ।

ਦੋਵਾਂ ਵਿਚਕਾਰ ਕਰੀਬ 10 ਮਿੰਟ ਗੱਲਬਾਤ ਹੋਈ। ਰਮੇਸ਼ ਜਹਾਜ਼ ਦੀ 11 ਏ ਸੀਟ 'ਤੇ ਬੈਠਾ ਸੀ। ਹਾਦਸੇ ਤੋਂ ਬਾਅਦ ਘਟਨਾ ਸਥਾਨ ਤੋਂ ਖੁਦ ਪੈਦਲ ਚੱਲ ਕੇ ਬਾਹਰ ਆਇਆ।



# ਹਰਿਆਣਵੀ ਮਾਡਲ ਸ਼ੀਤਲ ਕਤਲ ਮਾਮਲੇ 'ਚ ਮੁਲਜ਼ਮ ਨੂੰ 2 ਦਿਨ ਦੇ ਪੁਲਿਸ ਰਿਮਾਂਡ 'ਤੇ ਭੇਜਿਆ



ਅੰਬਾਲਾ:-ਹਰਿਆਣਵੀ ਮਾਡਲ ਸ਼ੀਤਲ ਦੇ ਕਤਲ ਦੇ ਦੋਸ਼ੀ ਇਸਰਾਨਾ ਨਿਵਾਸੀ ਸੁਨੀਲ ਨੂੰ ਪੁਲਿਸ ਨੇ ਮਾਣਯੋਗ ਅਦਾਲਤ ਵਿੱਚ ਪੇਸ਼ ਕੀਤਾ ਜਿੱਥੋਂ ਉਸਨੂੰ 2 ਦਿਨ ਦੇ ਪੁਲਿਸ ਰਿਮਾਂਡ 'ਤੇ ਲੈ ਲਿਆ ਗਿਆ। ਮੰਗਲਵਾਰ ਨੂੰ ਜ਼ਿਲ੍ਹਾ ਸਕੱਤਰੇਤ ਵਿੱਚ ਸਥਿਤ ਪੁਲਿਸ ਵਿਭਾਗ ਦੇ ਆਡੀਟੋਰੀਅਮ ਵਿੱਚ ਇੱਕ ਪ੍ਰੈਸ ਕਾਨਫਰੰਸ ਦੌਰਾਨ, ਪੁਲਿਸ ਹੈੱਡਕੁਆਰਟਰ ਦੇ ਡਿਪਟੀ ਸੁਪਰਡੈਂਟ ਸਤੀਸ਼ ਵਤਸ ਨੇ ਕਿਹਾ ਕਿ ਪੁਲਿਸ ਸੁਪਰਡੈਂਟ ਭੁਪੇਂਦਰ ਸਿੰਘ ਆਈਪੀਐਸ ਦੀ ਅਗਵਾਈ ਹੇਠ ਕਾਰਵਾਈ ਕਰਦੇ ਹੋਏ, ਸੀਆਈਏ ਵਨ ਇੰਚਾਰਜ ਸਬ ਇੰਸਪੈਕਟਰ ਸੰਦੀਪ ਦੀ ਟੀਮ ਨੇ ਹਰਿਆਣਵੀ ਮਾਡਲ ਸ਼ੀਤਲ ਦੇ ਕਤਲ ਦਾ ਪਰਦਾਫਾਸ਼ ਕੀਤਾ ਅਤੇ ਸੋਮਵਾਰ ਸ਼ਾਮ ਨੂੰ ਪਾਰਕ ਹਸਪਤਾਲ ਦੇ ਨੇੜੇ ਤੋਂ ਦੋਸ਼ੀ ਇਸਰਾਨਾ ਨਿਵਾਸੀ ਸੁਨੀਲ ਨੂੰ ਗ੍ਰਿਫ਼ਤਾਰ ਕਰ ਲਿਆ। ਸ਼ੁਰੂਆਤੀ ਪੁੱਛਗਿੱਛ ਵਿੱਚ, ਦੋਸ਼ੀ ਨੇ ਸ਼ੀਤਲ ਨੂੰ ਚਾਕੂ ਨਾਲ ਮਾਰਨ ਦੀ ਗੱਲ ਕਬੂਲ ਕੀਤੀ।ਸ਼ੀਤਲ ਦੇ ਪਰਿਵਾਰ ਨੇ 15 ਜੂਨ ਨੂੰ ਮਤਲੌਦਾ ਥਾਣੇ ਵਿੱਚ ਗੁੰਮਸ਼ੁਦਗੀ ਦੀ ਸ਼ਿਕਾਇਤ ਦਰਜ ਕਰਵਾਈ ਸੀ।ਪਾਣੀਪਤ ਦੀ ਸਤਕਰਤਾਰ ਕਲੋਨੀ ਦੀ ਰਹਿਣ ਵਾਲੀ ਇੱਕ ਔਰਤ ਨੇ ਆਪਣੀ ਸ਼ਿਕਾਇਤ ਵਿੱਚ ਪੁਲਿਸ ਨੂੰ ਦੱਸਿਆ ਸੀ ਕਿ ਉਹ 5 ਭੈਣ-ਭਰਾ ਹਨ। ਉਸਦੀ ਚੌਥੀ ਭੈਣ ਸ਼ੀਤਲ (24) ਉਸਦੇ ਨਾਲ ਰਹਿੰਦੀ ਹੈ, ਜੋ ਹਰਿਆਣਵੀ ਐਲਬਮਾਂ ਵਿੱਚ ਮਾਡਲ ਵਜੋਂ ਕੰਮ ਕਰਦੀ ਸੀ। 14 ਜੂਨ ਨੂੰ ਸ਼ੀਤਲ ਸ਼ੂਟਿੰਗ ਲਈ ਅਹਾਰ ਪਿੰਡ ਗਈ ਸੀ। ਉਹ ਵਾਪਸ ਨਹੀਂ ਆਈ। ਉਨ੍ਹਾਂ ਨੇ ਖੁਦ ਉਸਦੀ ਭਾਲ ਕੀਤੀ ਪਰ ਉਸਨੂੰ ਕਿਤੇ ਨਹੀਂ ਮਿਲਿਆ। ਔਰਤ ਦੀ ਸ਼ਿਕਾਇਤ 'ਤੇ, ਪੁਲਿਸ ਨੇ ਬੀਐਨਐਸ ਦੀ ਧਾਰਾ 127(6) ਦੇ ਤਹਿਤ ਮਾਮਲਾ ਦਰਜ ਕਰਕੇ ਭਾਲ ਸ਼ੁਰੂ ਕਰ ਦਿੱਤੀ।





Punjab TRAVELS

ਅਸੀਂ ਇੰਡੀਆ ਜਾਂ ਇੰਡੀਆ ਦੇ ਕਿਸੇ ਵੀ ਕੋਨੇ ਤੇ ਆਉਣ-ਜਾਣ ਲਈ ਟਿਕਟਾਂ ਬਣਾਉਂਦੇ ਹਾਂ।



ਜੀਵਨ ਸਿੰਘ ਮੋਗਾ

- ਸਪੈਸ਼ਲ ਰੇਟ : ਏਅਰ ਕਨੈਡਾ ਅਤੇ ਚਾਈਨਾ ਏਅਰ ਲਾਈਨ
- ਸਾਰੀਆਂ ਏਅਰ ਲਾਈਨਾਂ ਦੀਆਂ ਸਸਤੀਆਂ ਟਿਕਟਾਂ
- ਅਸੀਂ ਘਰੇਲੂ ਅਤੇ ਸਾਰੇ ਦੇਸ਼ਾਂ ਦੀਆਂ ਟਿਕਟਾਂ ਵੀ ਬਣਾਉਂਦੇ ਹਾਂ

Ph : 604-825-3075, 604-744-4400

2642 Cedar Park Abbotsford, British Columbia V2T 3S5

SAVVY Immigration Services Inc.

ਇੰਮੀਗਰੇਸ਼ਨ ਸਬੰਧੀ ਕਿਸੇ ਵੀ ਤਰ੍ਹਾਂ ਦੀਆਂ ਸੇਵਾਵਾਂ ਲੈਣ ਲਈ ਸੰਪਰਕ ਕਰੋ

*Temporary Visa *Student Visa
*Work Permit *Permanent Immigration
*Humanitarian & Compassionate Cases



Harpreet K Grewal:604-832-9581
Email:info@savvyimmigrations.com www.savyimmigration.com
Unit A-32088, Cedar Lane, Abbotsford BC Canada
Mon–Sat:10:00 AM-06:00 PM Closed on Sunday

SekCheck FINGERPRINTING SERVICES

*Digital Fingerprinting *Police Certificate CPIC
*Overseas Police Check *Ink & Roll Fingerprinting
*Name Change Application *Record Suspension *US Waiver

Ph:604-628-4446, 778-536-1188
#255-13711-72Ave Surrey, BC

CANRISE IMMIGRATION
www.canriseimmigration.com

778-565-1717

CANRISE IMMIGRATION

SPOUSAL SPONSORSHIP ਸਪਾਊਜਲ ਸਪਾਂਸਰਸ਼ਿਪ
ਅਗਰ ਤੁਸੀਂ ਇੰਡੀਆ ਵਿਆਹ ਕਰਵਾਉਣ ਜਾ ਰਹੇ ਹੋ ਤਾਂ ਜਾਣ ਤੋਂ ਪਹਿਲਾਂ ਆਪਣਾ ਪੇਪਰ ਵਰਕ ਪੂਰਾ ਕਰਵਾਉਣ ਲਈ ਸਾਡੇ ਨਾਲ ਅੱਜ ਹੀ ਸੰਪਰਕ ਕਰੋ

BCPNP ਬੀ ਸੀ ਪੀ ਐਨ ਪੀ
- New BCPNP program is Open. Get FREE Assessment.
- To bring your relatives or friends in your business contact us.
- Students on Open Work Permit can apply in this program.

ਨਵਾਂ ਬੀ ਸੀ ਪੀ ਐਨ ਪੀ ਪ੍ਰੋਗਰਾਮ ਖੁੱਲ੍ਹ ਗਿਆ ਹੈ।ਫਰੀ ਅਸੈਸਮੈਂਟ ਲਉ।ਆਪਣੇ ਬਿਜਨਸ ਵਿਚ ਆਪਣੇ ਰਿਸ਼ਤੇਦਾਰ ਜਾਂ ਦੋਸਤਾਂ ਨੂੰ ਲਿਆਉਣ ਲਈ ਸਾਡੇ ਨਾਲ ਸੰਪਰਕ ਕਰੋ।ਓਪਨ ਵਰਕ ਪਰਮਿਟ ਤੇ ਵਿਦਿਆਰਥੀ ਇਸ ਪ੍ਰੋਗਰਾਮ ਲਈ ਅਪਲਾਈ ਕਰ ਸਕਦੇ ਹਨ।

- ਐਲ ਐਮ ਆਈ ਏ / ਵਰਕ ਪਰਮਿਟ
- ਮਾਤਾ-ਪਿਤਾ ਅਤੇ ਗਰੈਂਡ ਪੇਰੈਂਟਸ ਸਪਾਂਸਰਸ਼ਿਪ / ਸੁਪਰਵੀਜਾ
- ਸਪਾਊਜ਼ਲ ਸਪਾਂਸਰਸ਼ਿਪ (ਵਿਆਹ ਦੇ ਕੇਸ)
- ਬੀ. ਸੀ. ਪੀ. ਐਨ. ਪੀ.
- ਆਪਨੇ ਬਿਨਜਸ ਵਿੱਚ ਆਪਨੇ ਰਿਸ਼ਤੇਦਾਰ ਨੂੰ ਵਰਕ ਪਰਮਿਟ ਤੇ ਬੁਲਾ ਸਕਦੇ ਹੋ
- ਇਨ-ਹੋਮ ਕੇਅਰਗਿਵਰਜ (ਨੈਨੀ)
- ਸਟੂਡੈਂਟ ਵੀਜ਼ਾ

- LMIA / Work Permit
- PARENTS & GRANDPARENTS SPONSORSHIP
- SPOUSAL SPONSORSHIP (MARRIAGE CASES)
- BCPNP
- In Home Caregivers (Nanny)
- SUPER VISA FOR PARENTS
- Student Visa

OUR SERVICES:
- Visitors Visa / Skilled Workers
- Temporary Workers
- Quebec Immigration
- Family Sponsorship
- Provincial Nominees
- Canadian Experience Class
- Business / Entrepreneurs / Investor Immigration
- Extension Of Temporary Visa
- Restoration Of Status
- Refugee Claims
- Citizenship Application
- Immigration & Investment Programs For Farmers / Businessmen

Ranjeet S. Sohi
Registered Canadian Immigration Consultant
ICCRC Membership # R422751
#223-8028 128 St. Surrey BC V3W4E9 (Little India Plaza)

UNI GLOBAL IMMIGRATION
Consulting Services Ltd.
Your Dream......Our Passion

For all your Immigration Related Needs:
- Express Entry (PR)
- FSW, FST
- Canadian Experience Class
- LMIA & Work Permit
- PNP
- Spousal (Marriage) Sponsorship
- Business (Investor) Visa
- Study Visa
- Care-giver (Nanny)
- Visitor Visa
- Super Visa
- Citizenship Application
- Refusal Cases
- IEC

We also help employers in hiring temporary foreign workers (TFW). We help employers in each and every step of acquring Temporary Foreign Workers

Tel. : 604-338-4975
778-323-3141
#12387-75 Avenue Surrey, BC V3W 2S7
E-mail: contactuniglobal@gmail.com

# ਨਰੇਂਦਰ ਮੋਦੀ ਨੂੰ ਜ਼ੀ-7 'ਚ ਸੱਦਾ ਕੈਨੇਡਾ ਦੀਆਂ ਮੂਲ ਨੀਤੀਆਂ ਲਈ ਚਿੰਤਾਜਨਕ

ਮੈਂ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਇੱਕ ਸਕੂਲ ਮਿਲਣੀ ਵੱਲ ਜਾ ਰਿਹਾ ਸੀ ਜਦੋਂ ਮੈਂ ਰੇਡੀਓ 'ਤੇ ਸੁਣਿਆ ਕਿ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ 2025 ਵਿੱਚ ਕਨਾਨਾਸਕਿਸ, ਅਲਬਰਟਾ ਵਿੱਚ ਹੋਣ ਵਾਲੇ ਜ਼ੀ-7 ਸੰਮੇਲਨ ਲਈ ਸੱਦਾ ਦਿੱਤਾ ਹੈ। ਇਸ ਵੇਲੇ ਪ੍ਰਧਾਨ ਮੰਤਰੀ ਮੋਦੀ ਨੂੰ ਸੱਦਾ ਦੇਣਾ ਸਾਡੀਆਂ ਮੂਲ ਨੀਤੀਆਂ ਤੋਂ ਇੱਕ ਚਿੰਤਾਜਨਕ ਹਟਾਅ ਹੈ। ਇਹ ਲੰਬੇ ਸਮੇਂ ਦੀ ਲੋਕਤੰਤਰਕ ਮੁੱਲਾਂ ਦੀ ਥਾਂ ਛੋਟੇ ਸਮੇਂ ਦੇ ਰਣਨੀਤਿਕ ਲਾਭਾਂ ਨੂੰ ਤਰਜੀਹ ਦਿੰਦਾ ਹੈ। ਇਹ ਸੰਦੇਸ਼ ਦਿੰਦਾ ਹੈ ਕਿ ਵਪਾਰ ਅਤੇ ਭੂ-ਰਾਜਨੀਤਿਕ ਹਿਤ, ਇਨਸਾਫ਼ ਅਤੇ ਜਨਤਕ ਭਰੋਸੇ ਨਾਲੋਂ ਵੱਧ ਅਹਿਮ ਹਨ। ਹੋਰ ਖ਼ਤਰਨਾਕ ਗੱਲ ਇਹ ਹੈ ਕਿ ਇਹ ਉਸ ਡਰ ਨੂੰ ਯਕੀਨ ਵਿੱਚ ਬਦਲ ਸਕਦਾ ਹੈ ਜੋ ਬਹੁਤ ਸਾਰੇ ਕੈਨੇਡੀਅਨ ਮਹਿਸੂਸ ਕਰ ਰਹੇ ਹਨ ਕਿ ਸਾਡੇ ਲੋਕਤੰਤਰ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਲਈ ਕੋਈ ਅਸਲ ਸਜ਼ਾ ਨਹੀਂ। 2023 ਵਿੱਚ ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੰਸਦ ਵਿੱਚ ਕਿਹਾ ਸੀ ਕਿ ਕੈਨੇਡੀਅਨ ਖੁਫੀਆ ਏਜੰਸੀਆਂ ਭਾਰਤ ਸਰਕਾਰ ਦੇ ਏਜੰਟਾਂ ਦੀ ਸਰੀ ਦੇ ਗੁਰੂ ਨਾਨਕ ਗੁਰਦੁਆਰਾ ਦੇ ਬਾਹਰ ਮਾਰੇ ਗਏ ਕੈਨੇਡੀਅਨ ਨਾਗਰਿਕ, ਹਰਦੀਪ ਸਿੰਘ ਨਿੱਜਰ ਦੀ ਹੱਤਿਆ ਨਾਲ ਜੋੜ ਕੇ ਜਾਂਚ ਕਰ ਰਹੀਆਂ ਹਨ। ਜੇ ਇਹ ਦਾਅਵੇ ਸੱਚ ਸਾਬਤ ਹੋ ਜਾਂਦੇ ਹਨ ਤਾਂ ਇਹ ਕੈਨੇਡਾ ਦੀ ਖੁਦਮੁਖਤਿਆਰਤਾ ਦੀ ਇੱਕ ਭਿਆਨਕ ਉਲੰਘਣਾ ਹੋਵੇਗੀ, ਜੋ ਕਿਸੇ ਅਜਿਹੀ ਸਰਕਾਰ ਵੱਲੋਂ ਆਉਂਦੀ ਹੈ ਜਿਸਨੂੰ ਕੈਨੇਡਾ ਲੰਮੇ ਸਮੇਂ ਤੋਂ ਸਾਥੀ ਅਤੇ ਮਿੱਤਰ ਮੰਨਦਾ ਆ ਰਿਹਾ ਹੈ। ਨਰੇਂਦਰ ਮੋਦੀ ਦੀ ਰਾਜਨੀਤਿਕ ਚੜ੍ਹਤ ਅਕਸਰ ਅਜਿਹੇ ਭਾਰਤ ਦੇ ਦ੍ਰਿਸ਼ਟੀਕੋਣ ਨਾਲ ਜੋੜੀ ਜਾਂਦੀ ਹੈ ਜੋ ਧਾਰਮਿਕ ਅਤੇ ਜਾਤੀ ਵੰਡਾਂ ਨੂੰ ਵਧਾ ਕੇ ਅਪਣੀ ਪਕੜ ਬਣਾਉਂਦੀ ਹੈ। 2002 ਵਿੱਚ ਗੁਜਰਾਤ ਦੇ ਮੁੱਖ ਮੰਤਰੀ ਵਜੋਂ ਉਨ੍ਹਾਂ ਦੇ ਕਾਰਜਕਾਲ ਦੌਰਾਨ ਹੋਏ ਘਾਤਕ ਫਿਰਕੂ ਦੰਗਿਆਂ ਅਤੇ ਰਾਜ ਸਰਕਾਰ ਦੀ ਧੱਕੇਸ਼ਾਹੀ ਦੇ ਦੋਸ਼ ਅੱਜ ਵੀ ਕਈ ਮਨੁੱਖੀ ਅਧਿਕਾਰ ਸੰਸਥਾਵਾਂ ਨਹੀਂ ਭੁੱਲੀਆਂ। ਉਨ੍ਹਾਂ ਦੇ ਵਿਰੋਧੀਆਂ ਨੇ ਉਨ੍ਹਾਂ ਉੱਤੇ ਇੱਕ (ਹਿੰਦੂ) ਰਾਸ਼ਟਰਵਾਦੀ ਵਿਚਾਰਧਾਰਾ ਨੂੰ ਅੱਗੇ ਵਧਾਉਣ ਦੇ ਦੋਸ਼ ਲਾਏ ਹਨ, ਜੋ ਅਕਸਰ ਧਾਰਮਿਕ ਅਤੇ ਨਸਲੀ ਆਧਾਰ 'ਤੇ ਅਸਹਿਮਤੀਆਂ ਨੂੰ ਦਬਾਅ ਕੇ ਸ਼ਕਤੀ ਇਕੱਠੀ ਕਰਦੀ ਹੈ। ਇਹ ਵਿਚਾਰਧਾਰਾ ਸਿਰਫ ਭਾਰਤ ਤੱਕ ਹੀ ਸੀਮਤ ਨਹੀਂ ਰਹੀ। ਇਹ ਵਿਦੇਸ਼ਾਂ ਵਿੱਚ ਵੀ, ਕੈਨੇਡਾ ਸਮੇਤ, ਪਰਵਾਸੀ ਭਾਈਚਾਰਿਆਂ ਤੱਕ ਵਧ ਚੁੱਕੀ ਹੈ। ਕਈ ਲੋਕਾਂ ਲਈ ਜੋ ਕੁਝ ਵਾਪਰਿਆ ਉਹ ਇਕ ਆਮ ਹਿੰਸਕ ਘਟਨਾ ਨਹੀਂ ਸੀ— ਇਹ ਇੱਕ ਭਿਆਨਕ ਸੰਕੇਤ ਸੀ— ਇੱਕ ਸੰਦੇਸ਼ ਕਿ ਉਨ੍ਹਾਂ ਦੀ ਆਵਾਜ਼ ਦਬਾਈ ਜਾ ਸਕਦੀ ਹੈ, ਭਾਵੇਂ ਉਹ ਸਮੁੰਦਰ ਪਾਰ ਹੀ ਕਿਉਂ ਨਾ ਹੋਣ। ਕੈਨੇਡਾ ਵਿੱਚ ਵਿਦੇਸ਼ੀ ਦਖਲਅੰਦਾਜ਼ੀ ਹੁਣ ਕੋਈ ਕਲਪਨਾ ਨਹੀਂ ਰਹੀ। ਰਾਸ਼ਟਰੀ ਸੁਰੱਖਿਆ ਅਤੇ ਖੁਫੀਆ ਏਜੰਸੀਆਂ ਨੇ ਪੁਸ਼ਟੀ ਕੀਤੀ ਹੈ ਕਿ ਇਹ ਦਖਲਅੰਦਾਜ਼ੀ "ਵਿਆਪਕ," "ਲਗਾਤਾਰ," ਅਤੇ "ਸੁਧਰੀ ਹੋਈ" ਹੈ, ਜੋ ਸਾਡੀਆਂ ਲੋਕਤੰਤਰਕ ਸੰਸਥਾਵਾਂ ਅਤੇ ਨਾਗਰਿਕ ਜੀਵਨ ਨੂੰ ਨਿਸ਼ਾਨਾ ਬਣਾ ਰਹੀ ਹੈ। ਇਹ ਗੱਲ ਸਾਡੇ ਭਰੋਸੇ, ਸੁਰੱਖਿਆ ਅਤੇ ਦੇਸ਼-ਨਾਗਰਿਕ ਸੰਬੰਧਾਂ ਦੀ ਪੱਕੀ ਨੀਵ ਨੂੰ ਮਜ਼ਬੂਤ ਕਰਨ ਦੀ ਹੈ। ਇੱਕ ਸਰਕਾਰ ਦੀ ਸਭ ਤੋਂ ਮੁੱਢਲੀ ਜ਼ਿੰਮੇਵਾਰੀ ਆਪਣੇ ਨਾਗਰਿਕਾਂ ਦੀ ਰੱਖਿਆ ਕਰਨੀ ਹੈ।



ਕੈਨੇਡੀਅਨ ਲੋਕਾਂ ਦੀ ਸੁਰੱਖਿਆ, ਉਨ੍ਹਾਂ ਦੀ ਆਜ਼ਾਦੀ ਨਾਲ ਜਿਓਣ ਦਾ ਹੱਕ ਅਤੇ ਆਪਣੀ ਸਰਕਾਰ ਉੱਤੇ ਭਰੋਸਾ ਰੱਖਣ ਦਾ ਅਧਿਕਾਰ — ਇਹ ਲੋਕਤੰਤਰ ਦੇ ਬੁਨਿਆਦੀ ਵਾਅਦੇ ਹਨ। ਜਦੋਂ ਅਸੀਂ ਇਨ੍ਹਾਂ ਵਾਅਦਿਆਂ ਨੂੰ ਕੂਟਨੀਤਿਕ ਸੁਵਿਧਾ ਵਾਸਤੇ ਨਜ਼ਰਅੰਦਾਜ਼ ਕਰਦੇ ਹਾਂ, ਤਾਂ ਅਸੀਂ ਆਪਣੇ ਲੋਕਤੰਤਰ ਦੀ ਨੀਂਹ ਹੀ ਹਿਲਾ ਦੇਂਦੇ ਹਾਂ। ਪ੍ਰਧਾਨ ਮੰਤਰੀ ਮੋਦੀ ਦਾ ਸਵਾਗਤ ਕਰਨਾ ਇਹ ਸੰਕੇਤ ਦੇਂਦਾ ਹੈ ਕਿ ਜੇ ਕਿਸੇ ਦੇਸ਼ ਦੀ ਆਬਾਦੀ ਜਾਂ ਆਰਥਿਕ ਮਹੱਤਤਾ ਵੱਧ ਹੋਵੇ, ਤਾਂ ਕੈਨੇਡਾ ਆਪਣੀਆਂ ਨੀਤੀਆਂ ਤੋਂ ਹਟਣ ਲਈ ਤਿਆਰ ਹੋ ਜਾਂਦਾ ਹੈ। ਇਹ ਇਸ ਗੱਲ ਨੂੰ ਮਜ਼ਬੂਤ ਕਰਦਾ ਹੈ ਕਿ ਤਾਕਤਵਰ ਲੋਕ ਬਿਨਾ ਸਜ਼ਾ ਦੇ ਛੁੱਟ ਜਾਂਦੇ ਹਨ ਅਤੇ ਸਾਡੇ ਸਿਧਾਂਤ ਮੋੜੇ ਜਾ ਸਕਦੇ ਹਨ, ਜਦੋਂ ਲਾਭ ਵੱਡਾ ਹੋਵੇ। ਕਈ ਲੋਕ ਕਹਿਣਗੇ ਕਿ ਕੈਨੇਡਾ ਨੂੰ ਹਕੀਕਤਪਸੰਦ ਹੋਣਾ ਚਾਹੀਦਾ ਹੈ ਕਿ ਅੱਜ ਦੇ ਦੁਨੀਆਵੀ ਸੰਕਟ ਭਰੇ ਅਤੇ ਜਟਿਲ ਹਾਲਾਤ ਵਿੱਚ ਅਸੀਂ ਆਪਣੇ ਆਪ ਨੂੰ ਅਲੱਗ ਨਹੀਂ ਕਰ ਸਕਦੇ। ਇਹ ਗੱਲ ਸੱਚ ਹੈ ਕਿ ਹਾਲ ਦੇ ਸਾਲਾਂ ਵਿੱਚ ਕੈਨੇਡਾ ਦੀ ਵਿਦੇਸ਼ ਨੀਤੀ ਨੇ ਹਮੇਸ਼ਾ ਨਤੀਜੇ ਨਹੀਂ ਦਿੱਤੇ। ਪਰ ਜਿਨ੍ਹਾਂ ਨੇ ਸਾਡੇ ਇਖਲਾਕੀ ਸਿਧਾਂਤਾਂ 'ਤੇ ਗੱਲ ਕੀਤੀ, ਉਨ੍ਹਾਂ ਨੂੰ ਇਹ ਵੀ ਸਮਝਣਾ ਚਾਹੀਦਾ ਹੈ ਕਿ ਅਜਿਹੇ ਨੇਤਾ ਲਈ ਲਾਲ ਗਲੀਚਾ ਨਾ ਵਿਛਾਉਣਾ ਕੋਈ ਪੁਰਾਣੇ "ਧਾਰਮਿਕ ਉਚੇਰੇ ਕੈਨੇਡਾ" ਵਲ ਵਾਪਸੀ ਨਹੀਂ, ਸਗੋਂ ਇਹ ਸੁਰੱਖਿਆ, ਸਵੈਮਾਣ ਅਤੇ ਨੈਤਿਕਤਾ 'ਤੇ ਅੜੇ ਰਹਿਣ ਦਾ ਐਲਾਨ ਹੈ। ਸੱਚ ਇਹ ਵੀ ਹੈ ਕਿ ਜਟਿਲਤਾ ਨੂੰ ਮੰਨਣਾ ਪੈਂਦਾ ਹੈ। ਕਈ ਵਾਰੀ ਸਾਨੂੰ ਉਨ੍ਹਾਂ ਸਰਕਾਰਾਂ ਨਾਲ ਗੱਲਬਾਤ ਕਰਨੀ ਪੈਂਦੀ ਹੈ, ਜਿਨ੍ਹਾਂ ਦੇ ਮੁੱਲ ਸਾਡੇ ਨਾਲ ਮਿਲਦੇ ਨਹੀਂ। ਪਰ ਪ੍ਰਮੁੱਖ ਨੇਤਾਵਾਂ ਨੂੰ ਸੱਦਾ ਦੇਣਾ, ਜਦਕਿ ਜਾਂਚ ਅਜੇ ਚੱਲ ਰਹੀ ਹੋਵੇ, ਕੁਝ ਹੋਰ ਹੀ ਸੰਕੇਤ ਦਿੰਦਾ ਹੈ। ਜਦੋਂ ਭਾਈਚਾਰੇ ਅਜੇ ਵੀ ਸੋਗ ਵਿੱਚ ਹਨ ਅਤੇ ਡਰ ਵਿੱਚ ਜੀਅ ਰਹੇ ਹਨ, ਤਦ ਮੋਦੀ ਨੂੰ ਸੱਦਾ ਦੇਣਾ ਸਾਡੀ ਏਕਤਾ ਨੂੰ ਖੰਡਤ ਕਰਦਾ ਹੈ ਅਤੇ ਹਰ ਕੈਨੇਡੀਅਨ ਨਾਲ ਕੀਤੇ ਸਾਡੇ ਵਾਅਦੇ ਨੂੰ ਕਮਜ਼ੋਰ ਕਰਦਾ ਹੈ — ਕਿ ਉਹ ਮਹੱਤਵਪੂਰਨ ਹਨ, ਅਤੇ ਉਨ੍ਹਾਂ ਦੇ ਅਧਿਕਾਰ ਵਿੱਕਰੀਯੋਗ ਨਹੀਂ। ਸੈਨੇਟਰ ਬਲਤੇਜ ਢਿੱਲੋਂ ਇੱਕ ਰਿਟਾਇਰਡ ਪੁਲਿਸ ਅਧਿਕਾਰੀ, ਭਾਈਚਾਰਕ ਆਗੂ ਅਤੇ ਵਿਭਿੰਨਤਾ ਅਤੇ ਸ਼ਾਮੂਲੀਅਤ ਦੇ ਸਮਰਥਕ ਹਨ। 1991 ਵਿੱਚ ਉਹ ਪਹਿਲੇ ਰੋਇਲ ਕਨੇਡੀਅਨ ਮਾਊਂਟਡ ਪੁਲਿਸ ਅਫਸਰ ਬਣੇ ਜਿਨ੍ਹਾਂ ਨੇ ਡਿਊਟੀ ਦੌਰਾਨ ਦਸਤਾਰ ਸਜਾਈ। ਉਹ ਫਰਵਰੀ 2025 ਵਿੱਚ ਸੈਨੇਟ ਵਿੱਚ ਨਿਯੁਕਤ ਹੋਏ ਅਤੇ ਇੰਡਿਪੈਂਡੈਂਟ ਸੈਨੇਟਰਸ ਗਰੁੱਪ ਦੇ ਮੈਂਬਰ ਹਨ।

ਸੈਨੇਟਰ ਬਲਤੇਜ ਸਿੰਘ ਢਿੱਲੋਂ
(15 ਜੂਨ, 2025)

ਮਨ ਮਨੁੱਖ ਦੀ ਕੁੰਜੀ ਹੈ Mind is the key to the man.

NATURAL **HOMEOPATHIC** SOLUTIONS

Homeopathic Natural Products And Consultations

• Stress • Obesity & Weight Management & much more

2nd Location at Abbotsford also
#1, 32056 Cedar Park
(Above Dr. Chan Medical Clinic)
CALL Dr. Shveta : 604-304-2236
MBBS, MD & DHMHS (ONT.)

• Children & Ladies Problems and much more

We Have Effective New Medicines Based On Latest Research For The Cure Of:

- Allergy Conditions
- Colitis
- De-addiction
- Migraine
- Sexual Problems
- Arthritis
- Stress Anxiety
- All Auto-Immune Diseases



"Homeopath R S Saini receiving International Award"

Director, West coast Homeopathic Society of Canada

Dr.R S Saini & Dr. Shveta Has The Latest Knowledge For The Cure Of These Diseases.
ਹੋਮਿਊਪੈਥ ਆਰ. ਐਸ. ਸੈਨੀ D.HOM. (London), MD(AM), International Medal Awardee 1973 ਤੋਂ ਐਕਟਿਵ ਪ੍ਰੈਕਟਿਸ ਵਿੱਚੋਂ

**For Abbotsford**
#1, 32056 Cedar Park (Above Dr. Chan Medical Clinic)
Appointments Call Dr. Shveta
MBBS, MD & DHMHS (ONT.)
604-304-2236

**For Surrey**
231-8138-128 ST., SURREY
(2ND FLOOR PAYAL BUSINESS CENTER)
604-502-9579
www.homeopathsaini.com


## ਗੁਰਦੁਆਰਾ ਗੁਰਸਾਗਰ ਮਸਤੂਆਣਾ ਸਾਹਿਬ
11267-125A St, Surrey, BC


## ਇਸ ਹਫਤੇ ਦੇ ਪ੍ਰੋਗਰਾਮ

*20 ਜੂਨ ਦਿਨ ਸ਼ੁੱਕਰਵਾਰ ਆਰੰਭ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ।
*21 ਜੂਨ ਦਿਨ ਸ਼ਨਿੱਚਰਵਾਰ ਪਾਠ ਸ੍ਰੀ ਸੁਖਮਨੀ ਸਾਹਿਬ, ਲੰਗਰ ਅਤੇ ਕੀਰਤਨ ਦੀ ਸੇਵਾ ਕੁਲਜਿੰਦਰ ਸਿੰਘ ਪਰਿਵਾਰ ਵੱਲੋਂ
*21 ਜੂਨ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਫਿਊਨਰਲ ਬੱਚੀ ਮੰਨਤ ਕੌਰ, ਅੰਤਮ ਅਰਦਾਸ ਗੁਰੂਘਰ ਵਿਖੇ 11.30 ਵਜੇ
*21 ਜੂਨ ਦਿਨ ਸ਼ਨਿੱਚਰਵਾਰ ਸ਼ਾਮ ਭੋਗ ਸਹਿਜ ਪਾਠ:ਸੇਵਾ ਮਨਪ੍ਰੀਤ ਕੌਰ ਪਰਿਵਾਰ ਵੱਲੋਂ
*22 ਜੂਨ ਦਿਨ ਐਤਵਾਰ ਸਵੇਰੇ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਜਾਣਗੇ, ਉਪਰੰਤ ਦੀਵਾਨ ਸਜਣਗੇ ਜਿਸ ਵਿਚ 10-12 ਵਜੇ ਤੱਕ ਸੰਤ ਗੁਰਦਿਆਲ ਸਿੰਘ ਟਾਂਡੇ ਵਾਲੇ ਹਾਜਰੀ ਭਰਨਗੇ:ਸੇਵਾ ਸ. ਅਮਰੀਕ ਸਿੰਘ ਸੰਘਾ ਪਰਿਵਾਰ ਵੱਲੋਂ ਹੋਵੇਗੀ।
22 ਜੂਨ ਦਿਨ ਐਤਵਾਰ ਸਵੇਰੇ 10 ਵਜੇ ਹਾਲ ਨੰ:2 ਵਿਚ ਸਹਿਜ ਪਾਠ ਦੇ ਭੋਗ ਅਤੇ ਲੰਗਰਾਂ ਦੀ ਸੇਵਾ ਬੀਬੀ ਹਰਿੰਦਰ ਕੌਰ ਪਰਿਵਾਰ ਵੱਲੋਂ ਪਾਏ ਜਾਣਗੇ

**ਨੋਟ:23-24-25-26 ਜੂਨ ਨੂੰ ਸ਼ਾਮ 7-8 ਵਜੇ ਤੱਕ ਸੰਤ ਗੁਰਦਿਆਲ ਸਿੰਘ ਟਾਂਡੇ ਵਾਲਿਆਂ ਦੇ ਦੀਵਾਨ ਸਜਣਗੇ।**

ਵਾਹਿਗੁਰੂ ਜੀ ਕਾ ਖਾਲਸਾ।।
ਵਾਹਿਗੁਰੂ ਜੀ ਕੀ ਫਤਹਿ।।
ਗੁ. ਗੁਰਸਾਗਰ ਮਸਤੂਆਣਾ ਸਾਹਿਬ ਸਰੀ ਵਿਖੇ
**ਗੁਰਬਾਣੀ ਸਿਮਰਨ**
ਹਰ ਐਤਵਾਰ
ਦੁਪਹਿਰ 1 ਤੋਂ 4 ਵਜੇ ਤੱਕ
ਹੁੰਦੇ ਹਨ, ਸਭ ਸੰਗਤਾਂ ਪਹੁੰਚ ਕੇ ਲਾਹੇ ਪ੍ਰਾਪਤ ਕਰੋ ਜੀ





**ਰਾਗੀ ਜੱਥਾ**
ਭਾਈ ਗੁਰਧਿਆਨ ਸਿੰਘ
ਸੰਗਰੂਰ ਵਾਲੇ

**ਕਥਾਵਾਚਕ**
ਗਿਆਨੀ ਮਨਜੀਤ ਸਿੰਘ
ਮਸਤਾਨਾ

**ਤਬਲਾ ਸਿੱਖਣ ਲਈ ਸੰਪਰਕ ਕਰੋ:**
604-413-7171

ਗੁਰੂਘਰ ਵਿਖੇ ਤਬਲਾ, ਕੀਰਤਨ ਅਤੇ ਗੁਰਬਾਣੀ ਸੰਥਿਆ ਦੀਆਂ ਕਲਾਸਾਂ ਸ਼ੁਰੂ ਹਨ

ਪ੍ਰੋਗਰਾਮ ਬੁਕਿੰਗ ਲਈ ਸੰਪਰਕ ਕਰ ਸਕਦੇ ਹੋ: ਗੁਰਦੁਆਰਾ ਸਾਹਿਬ:604-413-7171
ਗਿ. ਮਹਿੰਦਰ ਸਿੰਘ ਮਹਿਸੰਮਪੁਰ:778-713-5121 ਗਿ. ਬਲਦੇਵ ਸਿੰਘ:604-719-2007

## ਰੋਜਾਨਾ ਦੇ ਪ੍ਰੋਗਰਾਮ

**ਸਵੇਰੇ**

5 ਵਜੇ ਸਵੇਰੇ:ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼
5:15-6:15 ਵਜੇ ਤੱਕ :ਪੰਜ ਬਾਣੀਆਂ ਦੇ ਨਿਤਨੇਮ
6.30 -8 ਵਜੇ ਤੱਕ: ਆਸਾ ਜੀ ਦੀ ਵਾਰ ਦੇ ਕੀਰਤਨ
8-8:30 ਵਜੇ ਤੱਕ: ਕਥਾ ਹੁਕਮਨਾਮਾ
8:30-10 ਵਜੇ ਤੱਕ: ਕੀਰਤਨ ਅਤੇ ਸਮਾਪਤੀ

**ਸ਼ਾਮ**

6-6.30 ਵਜੇ ਤੱਕ:ਪਾਠ ਸੋਦਰ
6:30 -8 ਵਜੇ ਤੱਕ:ਗੁਰਬਾਣੀ ਕੀਰਤਨ ਅਤੇ ਸਮਾਪਤੀ

# ਸਿੱਖ ਪੁਲਿਸ ਵਾਲੇ ਉੱਤੇ ਚੱਪਲ ਸੁੱਟਣ ਵਾਲੇ ਬੀਜੇਪੀ ਦੇ ਕੇਂਦਰੀ ਮੰਤਰੀ ’ਤੇ ਮੁਕੱਦਮਾ ਦਰਜ



ਕੋਲਕਾਤਾ:ਲੰਘੀ 12 ਜੂਨ ਨੂੰ ਕੋਲਕਾਤਾ ਦੇ ਕਾਲੀਘਾਟ ਇਲਾਕੇ ਵਿੱਚ ਮੁੱਖ ਮੰਤਰੀ ਦੀ ਰਿਹਾਇਸ਼ ਨੇੜੇ ਭਾਜਪਾ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਸੀ, ਜਦੋਂ ਉਹ ਮਹੇਸ਼ਤਾਲਾ ਦੇ ਹਿੰਸਾ ਪ੍ਰਭਾਵਿਤ ਇਲਾਕੇ ਵੱਲ ਜਾ ਰਹੇ ਸੀ।

ਇਸ ਦੌਰਾਨ, ਬੀਜੇਪੀ ਦੇ ਕੇਂਦਰੀ ਮੰਤਰੀ ਸੁਕਾਂਤ ਮਜੂਮਦਾਰ ‘ਤੇ ਇੱਕ ਸਿੱਖ ਪੁਲਿਸ ਅਧਿਕਾਰੀ ਦੀ ਪੱਗ ਵੱਲ ਨਿਸ਼ਾਨਾ ਬਣਾ ਕੇ ਚੱਪਲ” ਸੁੱਟਣ ਦਾ ਦੋਸ਼ ਲੱਗਿਆ। ਸਿੱਖ ਭਾਈਚਾਰੇ ਦੇ ਆਗੂਆਂ ਅਤੇ ਤਰਮੂਲ ਕਾਂਗਰਸ ਨੇ ਜਾਣ ਬੁੱਝ ਕੇ ਕੀਤੀ ਘਟੀਆ ਹਰਕਤ ਦਾ ਗੰਭੀਰ ਨੋਟਿਸ ਲਿਆ।

ਮਮਤਾ ਬੈਨਰਜੀ ਦੀ ਸਰਕਾਰ ਨੇ ਕੇਂਦਰੀ ਮੰਤਰੀ ਮਜੂਮਦਾਰ ਤੇ ਇਸ ਸਬੰਧੀ ਕਾਲੀਘਾਟ ਪੁਲਿਸ ਸਟੇਸ਼ਨ ਵਿੱਚ ਐਫਆਈਆਰ। ਦਰਜ ਕਰ ਦਿੱਤੀ ਹੈ। ਇੱਥੇ ਵਰਨਣਯੋਗ ਹੈ ਕਿ ਬੀਜੇਪੀ ਦੇ ਵਰਕਰਾਂ ਦੇ ਅੰਦਰ ਆਰਐਸਐਸ ਅਤੇ ਬੀਜੇਪੀ ਦੇ ਆਗੂਆਂ ਨੇ ਫਿਰਕੂ ਜਹਿਰ ਭਰ ਰੱਖਿਆ ਹੈ। ਇਸ ਕਰਕੇ ਮੰਤਰੀ ਅਤੇ ਆਗੂ ਅਕਸਰ ਭਾਰਤੀ ਘੱਟ ਗਿਣਤੀਆਂ ਦੇ ਖਿਲਾਫ ਜਹਿਰ ਉਗਲਦੇ ਅਤੇ ਘਟੀਆਂ ਟਿੱਪਣੀਆਂ ਕਰਦੇ ਰਹਿੰਦੇ ਹਨ। ਦਿੱਲੀ ਕਿਸਾਨ ਅੰਦੋਲਨ ਵੇਲੇ ਵੀ ਸਿੱਖ ਕਿਸਾਨਾਂ ਨੂੰ ਖਾਲਿਸਤਾਨੀ ਅਤੇ ਕਈ ਹੋਰ ਦੇਸ਼ ਧਰੋਹੀ ਫਤਵਿਆਂ ਨਾਲ ਸੰਬੋਧਨ ਕੀਤਾ ਜਾਂਦਾ ਸੀ।

# ਭਾਰਤ ਵਿੱਚ ਕਈ ਮਾਮਲਿਆਂ ਵਿੱਚ ਲੋੜੀਂਦਾ ਭਗੌੜਾ ਸ਼ੱਕੀ ਭਾਰਤੀ ਕੈਲੀਫੋਰਨੀਆ ਵਿੱਚ ਗ੍ਰਿਫਤਾਰ

ਸੈਕਰਾਮੈਂਟੋ (ਹੁਸਨ ਲੜੋਆ ਬੰਗਾ)- ਕਤਲ ਦੀ ਕੋਸ਼ਿਸ਼,ਫਿਰੌਤੀ, ਅਪਰਾਧਿਕ ਸਾਜਿਸ਼ ਤੇ ਹੱਥਿਆਰਾਂ ਦੀ ਗੈਰ ਕਾਨੂੰਨੀ ਵਰਤੋਂ ਸਮੇਤ ਕਈ ਗੰਭੀਰ ਮਾਮਲਿਆਂ ਵਿਚ ਭਾਰਤ ਨੂੰ ਲੋੜੀਂਦੇ ਇਕ ਸ਼ੱਕੀ ਭਾਰਤੀ ਨੂੰ ਕੈਲੀਫੋਰਨੀਆ ਪੁਲਿਸ ਦੁਆਰਾ ਗ੍ਰਿਫਤਾਰ ਕਰ ਲੈਣ ਦੀ ਖਬਰ ਹੈ। ਗ੍ਰਿਫਤਾਰ ਵਿਅਕਤੀ ਦੀ ਪਛਾਣ ਲਖਵਿੰਦਰ ਕੁਮਾਰ ਵਜੋਂ ਹੋਈ ਹੈ। ਅਧਿਕਾਰੀਆਂ ਨੇ ਅਜੇ ਇਸ ਸਬੰਧ ਹੋਰ ਵੇਰਵੇ ਜਾਰੀ ਨਹੀਂ ਕੀਤੇ ਹਨ। ਅਧਿਕਾਰੀਆਂ ਅਨੁਸਾਰ ਇਹ ਗ੍ਰਿਫਤਾਰੀ ਐਫ ਬੀ ਆਈ ਸੈਕਰਾਮੈਂਟੋ ਫੀਲਡ ਦਫਤਰ, ਹੋਮਲੈਂਡ ਸਕਿਉਰਿਟੀ ਇਨਵੈਸਟੀਗੇਸ਼ਨ ਸਨ ਫਰਾਂਸਿਸਕੋ ਤੇ ਇਨਫੋਰਸਮੈਂਟ ਐਂਡ ਰਿਮੋਵਲ ਆਪਰੇਸ਼ਨਜ਼ ਸਨ ਫਰਾਂਸਿਸਕੋ ਦੁਆਰਾ ਕੀਤੀਆਂ ਗਈਆਂ ਸਾਂਝੀਆਂ ਕੋਸ਼ਿਸ਼ਾਂ ਦਾ ਸਿੱਟਾ ਹੈ। ਲਖਵਿੰਦਰ ਕੁਮਾਰ ਨੂੰ ਛੇਤੀ ਹੀ ਭਾਰਤ ਦੇ ਹਵਾਲ ਕਰ ਦੇਣ ਦੀ ਸੰਭਾਵਨਾ ਹੈ।


GOLDEN STAR PAINTING

ਨਵੇਂ/ਪੁਰਾਣੇ ਘਰ ਜਾਂ ਵਪਾਰ ਦੇ ਅੰਦਰ ਜਾਂ ਬਾਹਰ ਪੇਂਟ ਕਰਨ ਦਾ ਕੰਮ ਤਸੱਲੀਬਖ਼ਸ਼ ਅਤੇ ਵਾਜਿਬ ਕੀਮਤ ਤੇ ਕਰਦੇ ਹਾਂ



Free Estimate

ਪੁਰਾਣੇ ਘਰਾਂ ਤੇ ਸਪੈਸ਼ਲ ਡਿਸਕਾਊਂਟ

ਭੁਪਿੰਦਰ ਸਿੰਘ ਗਿੱਲ:604-897-5750

THANDI AUTO CARE CENTRE LTD

WE DO REPAIR OF ALL MAKES & MODELS

- General Repairs
- Transmission- Brakes
- Tune Ups - Mufflers
- Electrical Problems
-We also do Diesel Repairs



ਅਸੀ ਹਰ ਤਰਾਂ ਦੀਆਂ ਡੋਮੇਸਟਿਕ ਅਤੇ ਇਨਪੋਟੀਡ ਕਾਰਾਂ ਅਤੇ ਵੈਨਾਂ ਦੀ ਰੀਪੇਅਰ ਕਰਦੇ ਹਾਂ



Bhupinder Singh Thandi
Certified Auto Mechanic
604.503.0713
Fax:604.503.0712
Harp_t@hotmail.com

#106-12465 82 Ave , Surrey BC

TMG LOGISTICS INC.

Need Owner Operators

NOW HIRING

*Vancouver to California *California to Alberta Back Vancouver
*Vancouver to East USA Return

Good Paying Loads



Need Company Drivers
*Single Driver Pay 52cents/mile*
*Team Drivers 32 cents/mile*


FOR MORE INFORMATION CALL AT:

(604) 598-3680 Fax: 604-596-3681 Cell: 778-838-3680

#121-13140-80Ave Surrey, BC V3W 3B2

# ਪੰਜਾਬ ਵਿੱਚ ਦਿਨੋਂ-ਦਿਨ ਵੱਧ ਰਹੇ ਵਹਿਮ ਭਰਮ

ਅਸੀਂ ਅੱਜਕੱਲ੍ਹ ਅਖਬਾਰਾਂ ਵਿਚ ਅਕਸਰ ਪੜ੍ਹਦੇ ਹਾਂ ਫਲਾਨੇ ਥਾਂ ਸਾਧ ਨੇ ਕਿਸੇ ਦੇ ਬੱਚੇ ਦੀ ਬਲੀ ਦੇ ਦਿੱਤੀ। ਕਦੇ ਕਿਸੇ ਔਰਤ ਨਾਲ ਬਲਾਤਕਾਰ ਵਰਗਾ ਘਿਨੌਣਾ ਜੁਰਮ ਕੀਤਾ।ਕਿਸੇ ਦੀ ਆਰਥਿਕ ਲੁੱਟ ਕੀਤੀ। ਕੋਈ ਅਖੌਤੀ ਸਾਧ ਸੰਤ ਕਿਸੇ ਦੀ ਧੀ ਭੈਣ ਨੂੰ ਵਰਗਲਾ ਕੇ ਲੈ ਗਿਆ। ਇਨ੍ਹਾਂ ਸਾਧਾਂ ਕੋਲ ਪੁਛ ਲੈਣ ਗਈ ਕਿਸੇ ਔਰਤ ਨੂੰ ਗੁਆਂਢੀਆਂ ਦਾ ਕੀਤਾ ਕਰਾਇਆ ਦੱਸ ਕੇ ਆਪਸ ਵਿੱਚ ਲੜਾ ਦਿੱਤਾ। ਕਹਿਣ ਨੂੰ ਤਾਂ ਅਸੀਂ ਬਹੁਤ ਤਰੱਕੀ ਕਰ ਲਈ ਹੈ।ਚੰਦ ਤੇ ਪਹੁੰਚ ਗਏ ਹਾਂ ਕੰਪਿਊਟਰ, ਜਹਾਜ਼, ਰੋਬਟ, ਮੋਬਾਈਲ ਫੋਨ ਨਵੀਆਂ ਚੀਜਾਂ ਦੀਆਂ ਕਾਢਾਂ ਕੱਢੀਆਂ ਹਨ। ਲਾ-ਇਲਾਜ ਬਿਮਾਰੀਆਂ ਦਾ ਇਲਾਜ ਲੱਭ ਲਿਆ ਹੈ। ਹਰ ਖੇਤਰ ਵਿੱਚ ਤਰੱਕੀ ਕੀਤੀ ਹੈ। ਪਰ ਸਾਡਾ ਦਿਮਾਗ ਬੋਧਿਕ ਤੌਰ ਕਮਜ਼ੋਰ ਹੋ ਚੁੱਕਾ ਹੈ ਤੇ ਅਸੀਂ ਮਾਨਸਿਕ ਤੌਰ ਤੇ ਅਪਾਹਜ ਬਣ ਗਏ ਹਾਂ।ਅਸੀਂ ਆਪਣੇ ਸਾਰੇ ਦੁੱਖ ਤਕਲੀਫ਼ਾਂ ਦਾ ਹੱਲ ਸਾਧੂ ਸੰਤਾਂ ਕੋਲੋਂ ਭਾਲਦੇ ਹਾਂ ਡਾਕਟਰੀ ਇਲਾਜ ਦੀ ਬਜਾਏ ਅਸੀਂ ਆਪਣੀ ਬੀਮਾਰੀ ਦਾ ਇਲਾਜ ਧਾਗੇ ਤਵੀਤਾਂ ਨਾਲ ਕਰਨਾ ਚਾਹੁੰਦੇ ਹਾਂ। ਇਸ ਲਈ ਅਸੀਂ ਡੇਰਿਆਂ ਦਾ ਰੁੱਖ ਕਰਦੇ ਹਾਂ ਘਰੇ ਭਾਵੇਂ ਅਸੀਂ ਸਫ਼ਾਈ ਨਾ ਕੀਤੀ ਹੋਵੇ, ਪਰ ਡੇਰਿਆਂ ਵਿੱਚ ਝਾੜੂ ਜ਼ਰੂਰ ਮਾਰ ਕੇ ਆਉਂਦੇ ਹਾਂ।ਅਸੀਂ ਸਾਧਾਂ ਸੰਤਾਂ ਨੂੰ ਬਹੁਤ ਪੁੱਜਦੇ ਹਾਂ। ਪਰ ਬਜ਼ੁਰਗ ਮਾਤਾ- ਪਿਤਾ ਨੂੰ ਅਸੀਂ ਬਿਰਧ ਆਸ਼ਰਮਾਂ ਵੱਲ ਧਕੇਲ ਦਿੰਦੇ ਹਾਂ। ਘਰ ਭਾਵੇਂ ਬੱਚੇ ਰੋਟੀ ਤੋਂ ਮੁਥਾਜ ਭੁੱਖੇ ਬੈਠੇ ਰਹਿਣ ਪਰ ਅਸੀਂ ਸਾਧੂਆਂ ਸੰਤਾਂ ਨੂੰ ਤਰ੍ਹਾਂ-ਤਰ੍ਹਾਂ ਦੇ ਪਕਵਾਨ ਖੁਆਉਂਦੇ



ਹਾਂ। ਮਾਂ-ਪਿਓ ਬੱਚਿਆਂ ਨੂੰ ਅਸੀਂ ਕੱਪੜੇ ਨਹੀਂ ਬਣਾ ਕੇ ਦਿੰਦੇ ਸਾਧਾਂ ਸੰਤਾਂ ਨੂੰ ਨਵੇਂ ਕੱਪੜੇ ਬਣਾ ਕੇ ਦਿੰਦੇ ਹਾਂ।ਅਸੀਂ ਆਪਣੀਆਂ ਕਮਜ਼ੋਰੀਆਂ ਅਸਫਲਤਾਵਾਂ ਦਾ ਕਾਰਨ ਕਰਮਾਂ ਨੂੰ ਮੰਨਣ ਲੱਗ ਪਏ ਹਾਂ। ਜਦੋਂ ਕੋਈ ਸਾਡਾ ਕੰਮ ਨਹੀਂ ਹੁੰਦਾ ਤਾਂ ਅਸੀਂ ਕਹਿ ਦਿੰਦੇ ਹਾਂ ਕਿ ਸਾਧ ਸੰਤਾਂ ਦੀ ਸੇਵਾ ਵਿਚ ਕੋਈ ਕਮੀ ਰਹਿ ਗਈ ਹੋਣੀ ਆ, ਜਾਂ ਸਾਥੋਂ ਕੋਈ ਭੁੱਲ ਹੋ ਗਈ ਹੋਣੀ ਹੈ ।ਅੱਜ ਕਲ੍ਹ ਦੇ ਸਾਧੂ ਸੰਤ ਸ਼ਹਿਰ ਜਾਂ ਪਿੰਡ ਤੋਂ ਬਾਹਰ ਏਕਾਂਤ ਵਿੱਚ ਡੇਰਾ ਬਣਾਉਂਦੇ ਹਨ। ਨੌਜਵਾਨਾਂ ਨੂੰ ਨਸ਼ੇ ਦਾ ਆਦੀ ਬਣਾ ਦਿੰਦੇ ਹਨ ਅਤੇ ਉਹ ਸਾਰੀ ਉਮਰ ਡੇਰੇ ਜਾਣੋ ਨਹੀਂ ਹਟ ਸਕਦੇ।ਦੜੇ- ਸੁੱਟੇ ਅਤੇ ਲਾਟਰੀ ਦਾ ਨੰਬਰ ਦੇਣ ਦਾ ਭਰੋਸਾ ਵੀ ਦਿੰਦੇ ਹਨ । ਔਰਤਾਂ ਖਾਸ ਕਰ ਇਹਨਾਂ ਸਾਧਾਂ ਦੀਆਂ ਬਹੁਤ ਸਰਧਾਲੂ ਹੁੰਦੀਆਂ ਸਾਧਾਂ ਸੰਤਾਂ ਦੇ ਮਗਰ ਲੱਗ ਕੇ ਕਿਸੇ ਦੇ ਬੱਚੇ ਦੀ ਕਿ ਇਨ੍ਹਾਂ ਦੇ ਬੱਚੇ ਦੀ ਖਾਹਿਸ਼ ਪੂਰੀ ਹੋ ਸਕੇ ਕਿਸੇ ਦੀ ਕੁਖ ਜਾੜ ਕੇ ਬੱਚੇ ਕਿੱਥੋਂ ਪ੍ਰਾਪਤ ਕਰ ਲਵਾਂਗੇ।ਅਖੌਤੀ ਸਾਧ ਪੈਸੇ ਦੁੱਗਣੇ ਕਰਨ ਦਾ ਦਾਅਵਾ ਮੌਤ ਹਨ।ਬਲੀ ਇਥੋਂ ਤੱਕ ਕਿ ਇਹਨਾਂ ਵੀ ਦੇ ਦਿੰਦੀਆਂ ਹਨ ਤਾਂ।ਪਰ ਅਸੀਂ ਇਹ ਨਹੀਂ ਸਮਝਦੇ ਕੇ ਕਰਦੇ ਹਨ।ਇਹਨਾਂ ਨੂੰ ਪੁਛਣ ਵਾਲਾ ਹੋਵੇ ਜੇਕਰ ਇਸ ਤਰਾਂ ਪੈਸੇ ਦਗਣੇ ਹੋ ਜਾਂਦੇ ਤਾਂ ਤੁਸੀਂ ਘਰ-ਬਾਰ ਛੱਡ ਸਾਧਾਂ ਦੇ ਡੇਰੇ ਦੇ ਡੇਰੇ ਵਿੱਚ ਕਿਉਂ ਰਹਿੰਦੇ। ਬਹੁਤ ਸਾਰੇ ਸਾਧਾਂ ਦੇ ਡੇਰੇ ਪ੍ਰੇਮੀ-ਪ੍ਰੇਮਿਕਾ ਨੂੰ ਮਿਲਾਉਣ ਦਾ ਸਥਾਨ ਵੀ ਬਣਦੇ ਹਨ ਅਤੇ ਕਈ ਮੁੰਡੇ ਕੁੜੀਆਂ ਲੁਕ ਛੁਪ ਕੇ ਮਿਲਦੇ ਹਨ ਇਹ ਅਕਸਰ ਇਹਨਾਂ ਸਾਧਾਂ ਸੰਤਾਂ ਦੇ ਡੇਰੇ ਆਉਦ ਰਹਿੰਦੇ ਹਨ। ਕਈ ਤਾਂਤ੍ਰਿਕਾਂ ਸਾਧਾਂ ਦੇ ਡੇਰਿਆਂ ਤੋਂ ਨਸ਼ੀਲੇ ਪਦਾਰਥ ਅਤੇ ਅਸ਼ਲੀਲ ਸਾਹਿਤ ਅਤੇ ਹੋਰ ਬਹੁਤ ਗੰਦੀਆਂ ਚੀਜ਼ਾਂ,ਫੜੀਆਂ ਜਾ ਸਕਦੀਆਂ ਹਨ। ਜੇਕਰ ਪ੍ਰਸ਼ਾਸਨ ਵਿੱਚ ਜੁਅੱਰਤ ਹੋਵੇ। ਪਰ ਸਾਧੂ ਸੰਤਾਂ ਕੋਲੋ ਵੱਡਾ ਵੋਟ ਬੈਂਕ ਹੁੰਦਾ ਹੈ।ਲੀਡਰ ਲੋਕ ਸਾਧੂ ਸੰਤਾਂ ਦੇ ਪੈਰੀਂ ਹੱਥ ਲਾਉਂਦੇ ਹਨ।ਅਸੀਂ ਡੇਰਿਆਂ ਨੂੰ ਖ਼ੂਨ ਪਸੀਨੇ ਦੀ ਕਮਾਈ ਦਾਨ ਕਰ ਦਿੰਦੇ ਹਾਂ, ਤਾਂ ਕਿ ਡੇਰਾ ਵੱਡਾ ਬਣ ਜਾਵੇ।ਪਰ ਅਸੀਂ ਸਕੂਲਾਂ, ਕਾਲਜਾਂ ਅਤੇ ਹਸਪਤਾਲਾਂ ਨੂੰ ਦਾਨ ਦੇ ਕੇ ਰਾਜ਼ੀ ਨਹੀਂ।ਅੱਜਕਲ੍ਹ ਸੋਸ਼ਲ ਮੀਡੀਏ ਦਾ ਯੁੱਗ ਹੈ? ਬਿਨਾ ਕਿਸੇ ਉਦੇਸ਼ ਦੇ ਕਲਪਨਿਕ ਸੀਰੀਅਲ ਵਿਖਾਈ ਜਾਂਦੇ ਹਨ। ਕਈ ਅਖ਼ਬਾਰਾਂ ਵਿਚ ਮਸਲੇ ਹੱਲ ਹੋਣ ਦੀ ਗਰੰਟੀਸ਼ੁਦਾ ਇਸ਼ਤਿਹਾਰ ਦਿੱਤੇ ਜਾਂਦੇ ਹਨ। ਇਨ੍ਹਾਂ ਪਾਖੰਡੀ ਸਾਧਾਂ ਸੰਤਾਂ ਬਾਰੇ ਸਰਕਾਰ ਕੁਝ ਨਹੀਂ ਕਰਦੀ ਕਿਉਂਕਿ ਇਹ ਇਕ ਦੂਜੇ ਨਾਲ ਮਿਲੇ ਹੋਏ ਹਨ।ਅੱਜ ਕੱਲ ਕਈ ਅਖੌਤੀ ਸਾਧੂ- ਸੰਤ ਜੇਲ੍ਹ ਦੀ ਹਵਾ ਖਾ ਰਹੇ ਹਨ। ਆਓ ਆਪਾਂ ਰਲਕੇ ਸਰਕਾਰ ਤੋਂ ਝਾਕ ਰੱਖਣ ਦੀ ਬਜਾਏ ਆਪਣੇ ਤੌਰ ਤੇ ਅਖੌਤੀ ਸਾਧੂ-ਸੰਤ ਬਾਰੇ ਲੋਕਾਂ ਨੂੰ ਜਾਗਰੂਕ ਕਰੀਏ ਤਾਂ ਫੇਰ ਇਹਨਾਂ ਦਾ ਧੰਦਾ ਬੰਦ ਹੋ ਸਕੇ ਅਤੇ ਆਪਣਾ ਦੇਸ਼ ਤਰੱਕੀ ਕਰੇ।

**-ਡਾ.ਨਰਿੰਦਰ ਥਾਪਰ**

## ਸਾਲ ਵਿਚ ਸਿਰਫ਼ ਤਿੰਨ ਫ਼ੀ ਸਦੀ ਘੰਟੇ ਮਿਲਦੀ ਹੈ ਸਾਫ਼ ਹਵਾ

ਨਵੀਂ ਦਿੱਲੀ:ਇਕ ਨਵੇਂ ਅਧਿਐਨ ‘ਚ ਕਿਹਾ ਗਿਆ ਹੈ ਕਿ ਦਿੱਲੀ ‘ਚ ਇਕ ਸਾਲ ਅੰਦਰ ਸਿਰਫ਼ ਤਿੰਨ ਫ਼ੀ ਸਦੀ ਘੰਟੇ ਸਾਫ਼ ਹਵਾ ਅਤੇ ਆਰਾਮਦਾਇਕ ਤਾਪਮਾਨ ਦੇ ਹਾਲਾਤ ਪ੍ਰਦਾਨ ਕਰਦੇ ਹਨ। ਸੀ.ਈ.ਪੀ.ਟੀ. ਯੂਨੀਵਰਸਿਟੀ ਅਤੇ ਜਲਵਾਯੂ ਤਕਨੀਕੀ ਫਰਮ ਵਲੋਂ ਕੀਤੇ ਗਏ ਅਧਿਐਨ ਵਿਚ ਪਾਇਆ ਗਿਆ ਕਿ ਦਿੱਲੀ ਵਿਚ ਤਾਮਪਾਨ ਪੱਖੋਂ ਲਗਭਗ  ਸਾਲ ਦੇ 2,210 ਆਰਾਮਦਾਇਕ ਘੰਟੇ ਦਰਜ ਕੀਤੇ ਜਾਂਦੇ ਹਨ ਅਤੇ ਬਾਹਰੀ ਤਾਪਮਾਨ 18 ਡਿਗਰੀ ਸੈਲਸੀਅਸ ਤੋਂ 31 ਡਿਗਰੀ ਸੈਲਸੀਅਸ ਦੇ ਵਿਚਕਾਰ ਹੁੰਦਾ ਹੈ। ਪਰ ਇਨ੍ਹਾਂ ‘ਚੋਂ 1,951 ਘੰਟੇ ਖਰਾਬ ਹਵਾ ਮਿਆਰ (ਹਵਾ ਗੁਣਵੱਤਾ ਸੂਚਕ ਅੰਕ 150 ਤੋਂ ਉੱਪਰ) ਰਹਿੰਦੇ ਹਨ। ਇਸ ਨਾਲ ਸਾਲ ਵਿਚ ਸਿਰਫ 259 ਘੰਟੇ, ਲਗਭਗ ਤਿੰਨ ਫ਼ੀ ਸਦੀ, ਬਚਦੇ ਹਨ ਜਦੋਂ ਲੋਕ ਸਾਫ ਹਵਾ ਅਤੇ ਸੁਹਾਵਣੇ ਤਾਪਮਾਨ ਦੋਹਾਂ ਦਾ ਅਨੰਦ ਲੈ ਸਕਦੇ ਹਨ।


ਲਰਨਿੰਗ ਲਾਇਸੈਂਸ

A TO Z DRIVING SCHOOL

ਕਾਰ, ਟਰੱਕ/ ਮੋਟਰਸਾਈਕਲ
ਟੈਕਸੀ ਜਾਂ ਏਅਰ ਬਰੇਕ ਦਾ ਲਾਇਸੈਂਸ
ਪੰਜਾਬੀ ਵਿਚ ਲੈਣ ਲਈ ਸੰਪਰਕ ਕਰੋ

- ਲੇਡੀਜ਼ ਵਾਸਤੇ ਸੁਨਹਿਰੀ ਮੌਕਾ, ਹੁਣ ਤੁਸੀਂ ਕਾਰ ਦੀ ਤਰ੍ਹਾਂ ਬਿਨਾ ਗੇਅਰਾਂ ਤੋਂ ਕਲਾਸ 1 ਦਾ ਲਾਇਸੈਂਸ ਲੈ ਸਕਦੇ ਹੋ
- ਜੇ ਟਰੱਕ ਦਾ ਲਾਇਸੈਂਸ ਲੈਣਾ ਚਾਹੁੰਦੇ ਹੋ ਪਰ ਅੰਗਰੇਜੀ ਨਹੀਂ ਆਉਂਦੀ ਜਾਂ ਘੱਟ ਆਉਂਦੀ ਹੈ ਬੁੱਕ ਦੇਖ ਕੇ ਘਬਰਾ ਜਾਂਦੇ ਹੋ ਤਾਂ ਡਰੋ ਨਾ, ਹੁਣੇ ਫੋਨ ਕਰੋ








ਅਸੀਂ ਸਿਟੀਜਨਸ਼ਿਪ, ਨੈਸ਼ਨਲ ਸੇਫਟੀ ਕੋਡ ਦੀਆਂ ਕਲਾਸਾਂ ਲਗਾਉਂਦੇ ਹਾਂ

WE DO:
*CITIZENSHIP CLASSES
*NATIONAL SAFETY CODE (NSC) CLASSES

A to Z DRIVING SCHOOL
Lucky: 604-614-5365
Unit 15 - 8388 128 St., Surrey



PACIFIC NURSERIES

ਬਲਿਊਬੇਰੀ (ਡਿਊਕ) ਅਤੇ ਸੀਡਰ ਹੈਜਿੰਗ ਪਲਾਂਟ ਵਿਕਾਊ



*Blueberry (Duke) Plants FOR SALE
*Certified Imported from USA
*Potted in One Gallon Pots
*High Quality & Healty Plants
*Limited Quantity
*Will Be Ready to Plant in September

*Cedar Hedging Plants FOR SALE
*Potted in One Gallon
*Very Healty & High Quality
*Will be Ready to Plant in September

ONLY FOR WHOLESALERS

TO BOOK YOUR ORDER CONTACT:
778-552-0305


# ਸੂਰਜ ਦਾ ਰੱਥ

•ਸਰਵਜੀਤ ਸਿੰਘ ਸੈਕਰਾਮੈਂਟੋ

ਕਰਤੇ ਦੇ ਬਣਾਏ ਵਿਧੀ-ਵਿਧਾਨ ਮੁਤਾਬਕ, ਧਰਤੀ ਸੂਰਜ ਦੁਆਲੇ ਚੱਕਰ ਕੱਟਦੀ ਹੈ। ਧਰਤੀ ਦੇ ਇਕ ਚੱਕਰ ਪੂਰਾ ਕਰਨ ਦੇ ਸਮੇਂ ਨੂੰ ਇਕ ਸਾਲ ਮੰਨਿਆ ਜਾਂਦਾ ਹੈ। ਇਸ ਸਾਲ ਵਿੱਚ ਦੋ ਦਿਨ ਅਜੇਹੇ ਆਉਂਦੇ ਹਨ ਜਦੋਂ ਧਰਤੀ ਤੇ ਦਿਨ ਅਤੇ ਰਾਤ ਬਰਾਬਰ ਹੁੰਦੇ ਹਨ। ਸਾਲ ਵਿੱਚ ਦੋ ਦਿਨ ਅਜੇਹੇ ਵੀ ਆਉਂਦੇ ਹਨ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਅਤੇ ਰਾਤ ਛੋਟੀ ਹੁੰਦੀ ਹੈ ਉਸੇ ਵੇਲੇ ਦੱਖਣੀ ਅਰਧ ਗੋਲੇ ਵਿੱਚ ਰਾਤ ਵੱਡੀ ਅਤੇ ਦਿਨ ਛੋਟਾ ਹੁੰਦਾ ਹੈ। ਇਸ ਤੋਂ ਉਲਟ ਜਦੋਂ ਉੱਤਰੀ ਅਰਧ ਗੋਲੇ ਵਿੱਚ ਦਿਨ ਛੋਟਾ ਅਤੇ ਰਾਤ ਵੱਡੀ ਹੁੰਦੀ ਹੈ ਉਸ ਵੇਲੇ ਦੱਖਣੀ ਅਰਧ ਗੋਲੇ ਵਿੱਚ ਦਿਨ ਵੱਡਾ ਅਤੇ ਰਾਤ ਛੋਟੀ ਹੁੰਦੀ ਹੈ। ਭਾਵੇਂ ਸਾਨੂੰ ਇਹ ਦੱਸਿਆ ਗਿਆ ਹੈ ਕਿ ਸੂਰਜ ਪੂਰਬ ਤੋਂ ਚੜਦਾ ਹੈ ਪਰ ਅਜੇਹਾ ਸਾਲ ਵਿੱਚ ਕੁਝ ਦਿਨ ਹੀ (21 ਮਾਰਚ ਅਤੇ 21 ਸਤੰਬਰ) ਹੁੰਦਾ ਹੈ। ਜਦੋਂ ਸੂਰਜ ਪੂਰਬ ਭਾਵ $90^\circ$ ਤੋਂ ਚੜਦਾ ਹੈ। ਉਸ ਤੋਂ ਅਗਲੇ ਦਿਨ ਸੂਰਜ $89^\circ$ ਜਾਂ $91^\circ$ ਤੋਂ ਚੜਦਾ ਹੈ। ਜੂਨ ਦੇ ਮਹੀਨੇ (21-22 ਜੂਨ) ਜਦੋਂ ਦਿਨ ਵੱਡਾ ਹੁੰਦਾ ਹੈ, ਅੰਮ੍ਰਿਤਸਰ ਸਾਹਿਬ ਵਿਖੇ ਸੂਰਜ ਲੱਗਭੱਗ $62^\circ$ ਤੇ ਚੜਦਾ ਹੈ। ਇਸ ਤੋਂ ਉਲਟ 21-22 ਦਸੰਬਰ ਨੂੰ ਸੂਰਜ ਲੱਗਭੱਗ $117^\circ$ ਤੋਂ ਚੜਦਾ ਹੈ। ਸੂਰਜ ਚੜਨ ਦੇ ਇਸ ਸਫਰ ਨੂੰ ($62^\circ$ ਤੋਂ $117^\circ$) ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਕਦੇਂ ਸਮਾਂ ਸੀ, ਜਦੋਂ ਇਹ ਮੰਨਿਆ ਜਾਂਦਾ ਸੀ ਕਿ ਧਰਤੀ ਚਪਟੀ ਅਤੇ ਖੜੀ ਹੈ। ਸੂਰਜ ਇਸ ਦੀ ਪ੍ਰਕਰਮਾ ਕਰਦਾ ਹੈ। ਅੱਜ ਇਹ ਘੋੜੇ ਚੜ੍ਹੀ ਸਚਾਈ ਹੈ ਕਿ ਧਰਤੀ ਗੋਲ ਹੈ ਅਤੇ ਸੂਰਜ ਦੁਆਲੇ ਘੁੰਮਦੀ ਹੈ । ਧਰਤੀ ਦਾ ਸੂਰਜ ਦੁਵਾਲੇ ਇਕ ਚੱਕਰ 365 ਦਿਨ 5 ਘੰਟੇ 48 ਮਿੰਟ 45 ਸੈਕਿੰਡ (365.2422) ਵਿੱਚ ਪੂਰਾ ਹੁੰਦਾ ਹੈ। ਇਸ ਨੂੰ ਰੁੱਤੀ ਸਾਲ (ਠਰੋਪਿਚਓਲ`ਏਓਰ) ਕਿਹਾ ਜਾਂਦਾ ਹੈ। ਧਰਤੀ ਤੇ ਰੁੱਤਾਂ, ਸਾਲ ਦੀ ਇਸੇ ਲੰਬਾਈ ਮੁਤਾਬਕ ਬਦਲਦੀਆਂ ਹਨ। ਧਰਤੀ ਦੇ ਧੁਰੇ ਦਾ $23.5^\circ$ ਝੁਕਿਆ ਹੋਣ ਕਾਰਨ, ਜਦੋਂ ਧਰਤੀ ਸੂਰਜ ਦਾ ਚੱਕਰ ਕੱਟਦੀ ਹੈ ਤਾਂ ਧਰਤੀ ਦੇ ਵੱਖ-ਵੱਖ ਹਿੱਸਿਆਂ ਤੇ ਸੂਰਜ ਦੀ ਰੋਸ਼ਨੀ ਅਤੇ ਗਰਮੀ ਵੱਧਦੀ-ਘੱਟਦੀ ਰਹਿੰਦੀ ਹੈ। ਇਸ ਕਾਰਨ ਧਰਤੀ ਉਤੇ ਦਿਨ ਵੱਡੇ-ਛੋਟੇ ਹੁੰਦੇ ਹਨ ਅਤੇ ਰੁੱਤਾਂ ਬਦਲਦੀਆਂ ਹਨ।ਜੂਨ ਦੇ ਮਹੀਨੇ ਉੱਤਰੀ ਅਰਧ ਗੋਲੇ ਵਿੱਚ ਗਰਮੀ ਪੂਰੇ ਜੋਬਨ ਤੇ ਹੁੰਦੀ ਹੈ ਅਤੇ ਦਿਨ ਵੱਡੇ ਹੋ ਰਹੇ ਹੁੰਦੇ ਹਨ। ਸਵੇਰ ਵੇਲੇ ਸੂਰਜ, ਪਹਿਲੇ ਦਿਨ ਨਾਲੋਂ ਕੁਝ ਸਮਾਂ ਪਹਿਲਾ ਚੜਦਾ ਹੈ। ਜੇ ਆਪਾਂ ਸੂਰਜ ਨੂੰ ਚੜਨ ਵੇਲੇ ਵੇਖੀਏ ਤਾਂ, ਹਰ ਰੋਜ ਸੂਰਜ ਥੋੜਾ-ਥੋੜਾ ਉੱਤਰ ਵੱਲ ਨੂੰ ਜਾ ਰਿਹਾ ਹੁੰਦਾ ਹੈ। 21-22 ਜੂਨ ਨੂੰ ਸੂਰਜ ਵੱਧ ਤੋਂ ਵੱਧ ਉੱਤਰ ਵੱਲ ਹੁੰਦਾ ਹੈ ਅਤੇ ਉਤਰੀ ਅਰਧ ਗੋਲੇ ਵਿੱਚ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ। ਜੰਤਰੀਆਂ ਦੀ ਭਾਸ਼ਾ ਵਿੱਚ ਇਸ ਨੂੰ ਉਤਰਾਇਣ ਕਹਿੰਦੇ ਹਨ। ਇਕ ਸਮਾਂ ਅਜੇਹਾ ਆਉਂਦਾ ਹੈ ਜਦੋਂ ਸੂਰਜ ਦਾ ਉੱਤਰ ਵੱਲ ਨੂੰ ਜਾਂਦਾ-ਜਾਂਦਾ ਰੁਕ ਜਾਂਦਾ ਹੈ ਅਤੇ ਪਿੱਛੇ ਮੁੜ ਪੈਂਦਾ ਹੈ ਭਾਵ ਦੱਖਣ ਵੱਲ ਨੂੰ ਮੁੜ ਪੈਦਾ ਹੈ, ਦਿਨ ਦੀ ਲੰਬਾਈ ਹੋਲੀ-ਹੋਲੀ ਘਟਣੀ ਆਰੰਭ ਹੋ ਜਾਂਦੀ ਹੈ। ਜਿਸ ਨੂੰ ਦਖਰਾਇਣ ਕਿਹਾ ਜਾਂਦਾ ਹੈ। ਇਸ ਸਾਲ ਇਹ ਘਟਨਾ 21 ਜੂਨ, ਦਿਨ ਸ਼ਨਿਚਰਵਾਰ ਨੂੰ 2:43:35 (ੂ ਠ) ਮੁਤਾਬਕ 08:13:35 (ਇ਼ਠ) ਤੇ ਵਾਪਰੇਗੀ। ਇਸ ਸਮੇਂ ਸੂਰਜ ਅੱਗੇ ਜਾਣ ਦੀ ਬਿਜਾਏ ਪਿੱਛੇ ਮੁੜ ਪਏਗਾ। ਦਿਨ ਛੋਟਾ ਹੋਣਾ ਆਰੰਭ ਹੋ ਜਾਵੇਗਾ ਅਤੇ 22 ਸਤੰਬਰ ਨੂੰ ਦਿਨ ਅਤੇ ਰਾਤ ਫਿਰ ਬਰਾਬਰ ਹੋ ਜਾਣਗੇ। ਸੂਰਜ ਦੇ ਦਖਰਾਇਣ ਤੋਂ ਉਤਰਾਇਣ ਅਤੇ ਉਤਰਾਇਣ ਤੋਂ ਦਖਰਾਇਣ ਵੱਲ ਜਾਣ ਨੂੰ ਸੂਰਜ ਦਾ ਰੱਥ ਫਿਰਨਾ ਕਿਹਾ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਇਹ ਸਾਲ ਦੀ ਲੰਬਾਈ ਹੈ। ਜਿਸ ਮੁਤਾਬਕ ਇਸ ਧਰਤੀ ਤੇ ਰੁੱਤਾਂ ਬਦਲਦੀਆਂ ਹਨ।ਇਸ ਨੂੰ ਰੁੱਤੀ ਸਾਲ (ਠਰੋਪਿਚਓਲ`ਏਓਰ) ਕਹਿੰਦੇ ਹਨ। ਇਸ ਸਾਲ ਦੀ ਲੰਬਾਈ 365.2422 ਦਿਨ ਮੰਨੀ ਗਈ ਹੈ।ਗ੍ਰੰਥ ਸਾਹਿਬ ਜੀ ਵਿੱਚ ਦਰਜ ਬਾਰਾਮਾਂਹ (ਤੁਖਾਰੀ) ਵਿੱਚ ਵੀ ਸੂਰਜ ਦੇ ਰੱਥ ਫਿਰਨ ਦਾ ਸੰਕੇਤ ਦਰਜ ਹੈ। ਜਦੋਂ ਸੂਰਜ ਵੱਧ ਤੋਂ ਵੱਧ ਉਤਰ ਵੱਲ ਗਿਆ ਹੁੰਦਾ ਹੈ ਦਿਨ ਵੱਡੇ ਤੋਂ ਵੱਡਾ ਹੁੰਦਾ ਹੈ ਅਤੇ ਇਕ ਖਾਸ ਸਮੇਂ ਤੇ ਸੂਰਜ ਵਾਪਸ ਦੱਖਣ ਨੂੰ ਮੁੜਦਾ ਹੈ ਅਤੇ ਦਿਨ ਛੋਟਾ ਹੋਣਾ ਆਰੰਭ ਹੋ ਜਾਂਦਾ ਹੈ। ਉੱਤਰੀ ਭਾਰਤ ਵਿੱਚ ਇਸ ਦਿਨ ਵਰਖਾ ਰੁੱਤ ਦਾ ਆਰੰਭ ਮੰਨਿਆ ਜਾਂਦਾ ਹੈ।

"ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" (ਪੰਨਾ 1108)

"ਬਹੁੜੋ ਜਬ ਅਸਾੜ ਮਹੀਨੇ ਮੈਂ ਸੂਰਜ ਕਾ ਰੱਥ ਫਿਰਤਾ ਹੈ ਅਰਥਾਤ ਉਤ੍ਰਾਇਣ ਦਖਣਾਇਣ ਕੋ ਹੋਤਾਂ ਹੈ ਤਬ ਇਸਤ੍ਰੀਆਂ ਬ੍ਰਿਛਾਦਿਕੋਂ ਕੀ ਛਾਯਾ ਕੋ ਤਕਤੀ ਹੈ ਔਰ ਉਜਾੜੋਂ ਕੇ ਬੀਚ ਬਿੰਡੇ ਬੋਲਤੇ ਹੈ" । (ਫਰੀਦਕੋਟੀ ਟੀਕਾ)ਨਾਨਕਸ਼ਾਹੀ ਕੈਲੰਡਰ ਦੇ ਵਿਰੋਧੀ ਅਕਸਰ ਇਹ ਕਹਿੰਦੇ ਹਨ ਕਿ ਸਾਡਾ ਕੈਲੰਡਰ ਤਾਂ ਗੁਰਬਾਣੀ ਵਿੱਚ ਦਰਜ ਬਾਰਾਮਾਂਹ ਅਤੇ ਰੁੱਤੀ ਸਲੋਕ ਹੈ। ਪਰ ਉਹ ਇਹ ਸਮਝਣ ਤੋਂ ਅਸਮਰੱਥ ਹਨ ਕਿ ਬਾਰਾਮਾਂਹ ਅਤੇ ਰੁੱਤੀ ਸਲੋਕ ਦੇ ਸਿਰਲੇਖ ਹੇਠ ਦਰਜ ਬਾਣੀਆਂ ਦਾ ਸਬੰਧ ਸੂਰਜ ਨਾਲ ਹੈ ਨਾਕਿ ਚੰਦ ਨਾਲ। ਧਰਤੀ ਉੱਪਰ ਰੁੱਤਾਂ ਦਾ ਬਦਲਣਾ ਅਤੇ ਦਿਨ-ਰਾਤ ਦਾ ਸਬੰਧ ਸੂਰਜ ਨਾਲ ਹੈ। ਸੂਰਜੀ ਸਾਲ ਦੀ ਲੰਬਾਈ "ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ" ਮੁਤਾਬਕ ਲੰਬਾਈ 365.2422 ਦਿਨ ਮੰਨੀ ਗਈ ਹੈ। ਸਾਲ ਦੀ ਇਸੇ ਲੰਬਾਈ ਮੁਤਾਬਕ ਹੀ ਨਾਨਕਸ਼ਾਹੀ ਕੈਲੰਡਰ ਬਣਾਇਆ ਗਿਆ ਹੈ। ਜਦੋ ਕਿ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਮੁਤਾਬਕ ਚੰਦ ਦੇ ਸਾਲ ਦੀ ਲੰਬਾਈ 354.37 ਦਿਨ ਅਤੇ ਸੂਰਜੀ ਸਾਲ ਦੀ ਲੰਬਾਈ 365.2567 ਦਿਨ (ਦ੍ਰਿਕਗਿਣਤ ਸਿਧਾਂਤ) ਹੈ। ਯਾਦ ਰਹੇ, ਗੁਰੂ ਕਾਲ ਵੇਲੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ




365.2587 (ਸੂਰਜੀ ਸਿਧਾਂਤ) ਦਿਨ ਸੀ। ਨਵੰਬਰ 1964 ਈ: ਵਿਦਵਾਨਾਂ ਨੇ ਸੋਧ ਕਰਕੇ, ਸਾਲ ਦੀ ਲੰਬਾਈ 365.2563 ਦਿਨ ਮੰਨ ਲਈ ਸੀ। ਸ਼੍ਰੋਮਣੀ ਕਮੇਟੀ ਨੇ ਬਿਨਾ ਕਿਸੇ ਹੀਲ-ਹੁਜੱਤ ਦੇ ਇਸ ਨੂੰ ਪ੍ਰਵਾਨ ਕਰ ਲਿਆ ਸੀ। ਸਾਲ ਦੀ ਇਹ ਲੰਬਾਈ (365.258756 ਦਿਨ) 500 ਈ: ਦੇ ਨੇੜੇ-ਤੇੜੇ ਸੂਰਜੀ ਸਿਧਾਂਤ ਮੁਤਾਬਕ ਮੰਨੀ ਗਈ ਸੀ। ਜਦੋ ਕਿ ਸਾਲ ਦੀ ਅਸਲ ਲੰਬਾਈ 365.242196 ਦਿਨ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਰੁੱਤੀ ਸਲੋਕ ਦਰਜ ਹਨ। ਰੁੱਤਾਂ ਦਾ ਸਬੰਧ ਸੂਰਜ ਨਾਲ ਹੈ। ਪਰ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੇ ਸਾਲ ਦੀ ਲੰਬਾਈ (365.2587, ਸੂਰਜੀ ਸਿਧਾਂਤ) ਵੱਧ ਹੋਣ ਕਾਰਨ ਰੁੱਤਾਂ ਖਿਸਕ ਰਹੀਆਂ ਹਨ। ਸੂਰਜ ਦੇ ਰੱਥ ਫਿਰਨ ਦੀ ਕਿਰਿਆ ਇਸ ਸਾਲ (ਸੰਮਤ 2028 ਬਿਕ੍ਰਮੀ) 21 ਜੂਨ ਮੁਤਾਬਕ 7 ਹਾੜ ਨੂੰ ਵਾਪਰੇਗੀ। ਜੇ ਅਸੀਂ ਥੋੜਾ ਪਿਛੇ ਜਾ ਕੇ ਵੇਖੀਏ ਤਾਂ ਗੁਰੂ ਨਾਨਕ ਜੀ ਦੇ ਸਮੇਂ 12 ਜੂਨ 1469 ਈ: (ਜੂਲੀਅਨ) ਮੁਤਾਬਕ 16 ਹਾੜ ਨੂੰ ਵਾਪਰੀ ਸੀ। ਗੁਰੂ ਜੀ ਦੇ ਸਮੇਂ ਤੋਂ ਅੱਜ ਤਾਈ 9 ਦਿਨਾਂ ਦਾ ਫ਼ਰਕ ਪੈ ਚੁੱਕਾ ਹੈ। ਸੰਨ 285 ਈ: ਵਿੱਚ ਆਯਨਾਂਸ਼ $0^\circ$ ਸੀ। ਉਸ ਸਾਲ ਸੂਰਜ ਦਾ ਰੱਥ 23 ਜੂਨ (ਜੂਲੀਅਨ) ਮੁਤਾਬਕ 6 ਸਾਵਣ ਨੂੰ ਫਿਰਿਆ ਸੀ। ਅੱਜ ਇਹ 7 ਹਾੜ ਨੂੰ ਫਿਰਦਾ ਹੈ। 3000 ਈ ਵਿੱਚ ਸੂਰਜ ਦਾ ਰੱਥ 20 ਜੂਨ ਮੁਤਾਬਕ, 21 ਜੇਠ (ਸੂਰਜੀ ਸਿਧਾਂਤ) ਅਤੇ 24 ਜੇਠ (ਦ੍ਰਿਕਗਿਣਤ ਸਿਧਾਂਤ) ਨੂੰ ਫਿਰੇਗਾ।

"ਜਿਵੇ ਕਿ ਪਹਿਲਾ ਦੱਸਿਆ ਜਾ ਚੁੱਕਾ ਹੈ ਸੂਰਜ-ਸਿਧਾਂਤ ਸਾਲ ਦੇ ਸੂਰਜੀ ਸਾਲ ਨਾਲੋਂ ਲਗ-ਭਗ 24 ਮਿੰਟ ਲੰਮੇਰਾ ਹੋਣ ਦੇ ਕਾਰਨ, ਹਿੰਦੂ ਕੈਲੰਡਰਾਂ ਦੇ ਮਹੀਨੇ ਉਨ੍ਹਾਂ ਮੌਸਮਾਂ ਦੇ ਬਾਹਰ ਨਿਕਲ ਗਏ ਹਨ ਜਿਨ੍ਹਾਂ ਨਾਲ ਉਨ੍ਹਾਂ ਨੂੰ ਸਿਧਾਂਤਕ ਨਿਯਮ ਬਣਾਉਣ ਸਮੇਂ ਮੇਲਿਆ ਗਿਆ ਸੀ। ਇਸ ਦੇ ਸਿੱਟੇ ਵਜੋਂ ਧਾਰਮਿਕ ਤਿਉਹਾਰਾਂ ਨੂੰ ਉਨ੍ਹਾਂ ਮੌਸਮਾਂ । ਰੁੱਤਾਂ॥ ਵਿੱਚ ਨਹੀਂ ਮਨਾਇਆ ਜਾ ਰਿਹਾ ਜਿੰਨਾਂ ਲਈ ਉਹ ਬਣਾਏ ਗਏ ਸਨ। ਹੁਣ ਤਾਂ ਤਿਉਹਾਰਾਂ ਨੂੰ ਗਲਤ ਮੌਸਮਾਂ ਵਿਚ ਮਨਾਇਆ ਜਾ ਰਿਹਾ ਹੈ" (ਕੈਲੰਡਰ ਸੁਧਾਰ ਕਮੇਟੀ ਦੀ ਰਿਪੋਰਟ)

ਇਹ ਉਹੀ ਸਮੱਸਿਆ ਹੈ ਜੋ ਜੂਲੀਅਨ ਕੈਲੰਡਰ ਦੇ ਸਾਲ ਦੀ ਲੰਬਾਈ (365.25) ਵੱਧ ਹੋਣ ਕਾਰਨ ਆਈ ਸੀ। ਕਿੰਨੀ ਹੈਰਾਨੀ ਦੀ ਗੱਲ ਹੈ, ਸਾਲ ਦੀ ਲੰਬਾਈ ਵਿੱਚ ਅੰਤਰ ਹੋਣ ਕਾਰਨ, ਜਿਨ੍ਹਾਂ ਦੇ ਕੈਲੰਡਰ ਵਿੱਚ 128 ਸਾਲਾਂ ਵਿੱਚ ਇਕ ਦਿਨ ਦਾ ਫ਼ਰਕ ਪੈਂਦਾ ਸੀ। ਉਨ੍ਹਾਂ ਨੇ ਆਪਣਾ ਕੈਲੰਡਰ ਸੋਲਵੀਂ ਸਦੀ ਵਿੱਚ ਸੋਧ ਲਿਆ ਸੀ। ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ, ਜਿਸ ਵੱਲੋਂ ਵਰਤੇ ਜਾਂਦੇ ਕੈਲੰਡਰ (ਚੰਦਰ-ਸੂਰਜੀ ਬਿਕ੍ਰਮੀ) ਮੁਤਾਬਕ, 1964 ਈ: ਤੋਂ ਪਹਿਲਾ 60 ਸਾਲ ਅਤੇ 1964 ਈ: ਤੋਂ ਪਿਛੋਂ, 71 ਸਾਲ ਪਿੱਛੋਂ ਇਕ ਦਿਨ ਦਾ ਫ਼ਰਕ ਪੈ ਰਿਹਾ ਹੈ, ਇਹ ਨੁਕਤਾ ਇੱਕੀਵੀਂ ਸਦੀ ਵਿੱਚ ਵੀ ਸਮਝਣ ਤੂੰ ਤਿਆਰ ਨਹੀਂ।




AKALI SINGH SIKH SOCIETY

1890- SKEENA STREET, VANCOUVER, B.C., CANADA
PHONE (604) 254-2117, FAX: (604) 254-5309

www.akalisinghgurdwara.ca

Email: akalisinghsikhsociety@gmail.com

19 ਜੂਨ, ਦਿਨ ਵੀਰਵਾਰ..........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
20 ਜੂਨ, ਦਿਨ ਸ਼ੁੱਕਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
21 ਜੂਨ, ਦਿਨ ਸ਼ਨਿੱਚਰਵਾਰ.......ਸਵੇਰ ਨੂੰ ਅਨੰਦ ਕਾਰਜ ਹੋਵੇਗਾ।
21 ਜੂਨ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਲੰਗਰ ਦੀ ਸੇਵਾ ਮੋਹਿੰਦਰ ਸਿੰਘ ਬੈਂਸ ਅਤੇ ਪਰਿਵਾਰ ਵਲੋਂ ਹੋਵੇਗੀ।
22 ਜੂਨ, ਦਿਨ ਐਤਵਾਰ..........ਸਵੇਰ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ ਮਨਾਉਣ ਹਿਤ ਦੀਵਾਨ ਸਜਣਗੇ ਤੇ ਬੱਚਿਆਂ ਲਈ ਛਬੀਲ ਲਗਾਈ ਜਾਵੇਗੀ।
22 ਜੂਨ, ਦਿਨ ਐਤਵਾਰ..........ਸਵੇਰ ਨੂੰ ਲੰਗਰ ਦੀ ਸੇਵਾ ਭਾਈ ਮਨੋਹਰਜਨ ਸਿੰਘ ਧਾਮੀ ਵਲੋਂ ਹੋਵੇਗੀ।
22 ਜੂਨ, ਦਿਨ ਐਤਵਾਰ..........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਅਮਨ ਸਿੰਘ ਢਿੱਲੋਂ ਵਲੋਂ ਹੋਵੇਗੀ।
25 ਜੂਨ, ਦਿਨ ਬੁੱਧਵਾਰ...........ਸ਼ਾਮ ਨੂੰ ਲੰਗਰ ਦੀ ਸੇਵਾ ਭਾਈ ਜਸਕਰਨ ਸਿੰਘ ਸੰਧੂ ਅਤੇ ਪਰਿਵਾਰ ਵਲੋਂ ਹੋਵੇਗੀ।
26 ਜੂਨ, ਦਿਨ ਵੀਰਵਾਰ..........ਸਵੇਰ ਨੂੰ ਅਨੰਦ ਕਾਰਜ ਹੋਵੇਗਾ।
27 ਜੂਨ, ਦਿਨ ਸ਼ੁੱਕਰਵਾਰ.........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
28 ਜੂਨ, ਦਿਨ ਸ਼ਨਿੱਚਰਵਾਰ......ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।
28 ਜੂਨ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਰੂਪ ਸਿੰਘ ਪੋਆਰ ਅਤੇ ਪਰਿਵਾਰ ਵਲੋਂ ਹੋਵੇਗੀ।
28 ਜੂਨ, ਦਿਨ ਸ਼ਨਿੱਚਰਵਾਰ......ਸ਼ਾਮ ਨੂੰ ਨੰਬਰ 2 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਮੱਖਣ ਸਿੰਘ ਸਿੱਧੂ ਵਲੋਂ ਹੋਵੇਗੀ।
29 ਜੂਨ, ਦਿਨ ਐਤਵਾਰ..........ਸਵੇਰ ਨੂੰ 8:00 ਤੋਂ 12:00 ਵਜੇ ਤੱਕ ਦੀਵਾਨ ਸਜਣਗੇ ਤੇ ਲੰਗਰ ਵੀ ਹੋਵੇਗਾ।
29 ਜੂਨ, ਦਿਨ ਐਤਵਾਰ..........ਸ਼ਾਮ ਨੂੰ ਨੰਬਰ 1 ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਸਤਨਾਮ ਸਿੰਘ ਵਲੋਂ ਹੋਵੇਗੀ।
29 ਜੂਨ, ਦਿਨ ਐਤਵਾਰ..........ਸ਼ਾਮ ਨੂੰ ਨੰਬਰ ਦੋ ਦਰਬਾਰ ਹਾਲ ਵਿਚ ਲੰਗਰ ਦੀ ਸੇਵਾ ਭਾਈ ਅਮਨ ਸਿੰਘ ਅਟਵਾਲ ਵਲੋਂ ਹੋਵੇਗੀ।
30 ਜੂਨ, ਦਿਨ ਸੋਮਵਾਰ...........ਸਵੇਰ ਨੂੰ ਦੋ ਅਨੰਦ ਕਾਰਜ ਹੋਣਗੇ।

ਹਰ ਬੁੱਧਵਾਰ ਬੀਬੀਆਂ ਵਲੋਂ ਸੁਖਮਨੀ ਸਾਹਿਬ ਦਾ ਪਾਠ ਸਵੇਰੇ 10:00 ਵਜੇ ਤੋਂ 12:30 ਵਜੇ ਤੱਕ ਕੀਤਾ ਜਾਂਦਾ ਹੈ।
ਹਰ ਮੰਗਲਵਾਰ ਅਤੇ ਵੀਰਵਾਰ ਸ਼ਾਮ ਨੂੰ 7:00 ਵਜੇ ਤੋਂ 8:00 ਵਜੇ ਤੱਕ ਯੋਗਾ ਦੀਆਂ ਕਲਾਸਾਂ ਲੱਗਦੀਆਂ ਹਨ। ਪੰਜਾਬੀ ਦੀਆਂ ਕਲਾਸਾਂ ਵੀ ਸ਼ੁਰੂ ਹੋ ਚੁੱਕੀਆਂ ਹਨ।

ਗੁਰਦੁਆਰਾ ਸਾਹਿਬ ਸਵੇਰੇ 5 ਵਜੇ ਤੋਂ ਸ਼ਾਮ 8:00ਵਜੇ ਤੱਕ ਖੁੱਲ੍ਹਾ ਰਹੇਗਾ। ਸਵੇਰੇ ਨਿੱਤ ਨੇਮ ਤੇ ਸ਼ਾਮ ਨੂੰ ਰਹਿਰਾਸ ਦਾ ਪ੍ਰੋਗਰਾਮ ਹੋਵੇਗਾ। ਸੋਮਵਾਰ ਤੋਂ ਸ਼ਨਿੱਚਰਵਾਰ ਤੱਕ ਸਵੇਰੇ 10:00 ਵਜੇ ਤੋਂ 11:00 ਵਜੇ ਤੱਕ ਕੀਰਤਨ ਹੁੰਦਾ ਹੈ ਅਤੇ ਐਤਵਾਰ ਨੂੰ ਸਵੇਰੇ 9:30 ਵਜੇ ਤੋਂ 12:30 ਵਜੇ ਤੱਕ ਦਿਵਾਨ ਸਜਾਏ ਜਾਂਦੇ ਹਨ।


ਰਾਗੀ ਜਥਾ: ਭਾਈ ਰਕਮ ਸਿੰਘ ਕਾਨ੍ਹਪੁਰ ਵਾਲੇ, ਭਾਈ ਅਜੀਤ ਸਿੰਘ ਦੇਹਰਾਦੂਨ ਵਾਲੇ ਕੀਰਤਨ ਕਰਦੇ ਹਨ।

ਹੋਰ ਜਾਣਕਾਰੀ ਲਈ ਤੁਸੀਂ ਹੇਠ ਲਿਖੇ ਫੋਨ ਨੰਬਰਾਂ 'ਤੇ ਕਾਲ ਕਰ ਸਕਦੇ ਹੋ।
ਪਿਆਰਾ ਸਿੰਘ ਬੱਸਨ: 604-254-2117, 604-254-3572, 604-325-0891

ਸੰਗਤਾਂ ਦੇ ਦਾਸ: ਪ੍ਰਬੰਧਕ ਕਮੇਟੀ, ਅਕਾਲੀ ਸਿੰਘ ਸਿੱਖ ਸੁਸਾਇਟੀ ਗੁਰਦੁਆਰਾ ਸਾਹਿਬ ਦਾ ਫੋਨ ਨੰਬਰ: (604) 254-2117

# ਟਰਾਂਟੋ ਪੁਲਿਸ ਨੇ ਪੰਜਾਬੀਆਂ ਨਾਲ ਜੁੜੇ ਅਪਰਾਧ ਜਬਰੀ ਵਸੂਲੀ ਤੇ ਚੋਰੀ ਨੈੱਟਵਰਕ ਨੂੰ ਖਤਮ ਕਰਨ ਦਾਅਵਾ

ਟਰਾਂਟੋ:ਪੀਲ ਰੀਜਨਲ ਪੁਲਿਸ ਨੇ ਸਥਾਨਕ ਅਤੇ ਸੂਬਾਈ ਕਾਨੂੰਨ ਲਾਗੂ ਕਰਨ ਵਾਲੇ ਭਾਈਵਾਲਾਂ ਦੇ ਸਹਿਯੋਗ ਨਾਲ, ਟੋਇੰਗ ਇੰਡਸਟਰੀ ਨਾਲ ਜੁੜੇ ਇੱਕ ਵੱਡੇ ਸੰਗਠਿਤ ਅਪਰਾਧਿਕ ਨੈੱਟਵਰਕ ਨੂੰ ਖਤਮ ਕਰ ਦਿੱਤਾ ਹੈ, ਪ੍ਰੋਜੈਕਟ ਆਊਟਸੋਰਸ ਨਾਮਕ ਇੱਕ ਮਹੀਨੇ ਲੰਬੀ ਜਾਂਚ ਦੇ ਹਿੱਸੇ ਵਜੋਂ $4.2 ਮਿਲੀਅਨ ਤੋਂ ਵੱਧ ਦੀ ਜਾਇਦਾਦ ਬਰਾਮਦ ਕੀਤੀ ਹੈ।ਜੁਲਾਈ 2024 ਵਿੱਚ ਸ਼ੁਰੂ ਕੀਤਾ ਗਿਆ, ਪ੍ਰੋਜੈਕਟ ਆਊਟਸੋਰਸ ਨੇ ਇੱਕ ਅਪਰਾਧਿਕ ਸੰਗਠਨ ਨੂੰ ਨਿਸ਼ਾਨਾ ਬਣਾਇਆ ਜੋ ਕਈ ਜਬਰੀ ਵਸੂਲੀ ਦੀਆਂ ਘਟਨਾਵਾਂ ਅਤੇ ਹਿੰਸਾ ਦੀਆਂ ਕਾਰਵਾਈਆਂ ਲਈ ਜ਼ਿੰਮੇਵਾਰ ਮੰਨਿਆ ਜਾਂਦਾ ਹੈ। ਜਾਂਚਕਰਤਾਵਾਂ ਨੇ ਨੈੱਟਵਰਕ ਦੇ ਅੰਦਰ ਦੋ ਆਪਸ ਵਿੱਚ ਜੁੜੇ ਤੱਤਾਂ ਦਾ ਪਰਦਾਫਾਸ਼ ਕੀਤਾ -ਇੱਕ ਜਬਰੀ ਵਸੂਲੀ ਅਤੇ ਹਿੰਸਕ ਲਾਗੂ ਕਰਨ 'ਤੇ ਕੇਂਦ੍ਰਿਤ, ਅਤੇ ਦੂਜਾ ਟੋਇੰਗ ਉਦਯੋਗ ਦੇ ਅੰਦਰ ਸ਼ਾਮਲ।ਪੁਲਿਸ ਦੇ ਅਨੁਸਾਰ, ਕਈ ਸ਼ੱਕੀ ਸਰਟੀਫਾਈਡ ਰੋਡਸਾਈਡ ਅਤੇ ਹੰਬਲ ਰੋਡਸਾਈਡ ਨਾਮ ਹੇਠ ਕੰਮ ਕਰਨ ਵਾਲੀਆਂ ਟੋਇੰਗ ਕੰਪਨੀਆਂ ਨਾਲ ਜੁੜੇ ਹੋਏ ਸਨ। ਜਾਂਚ ਨੇ ਬੀਮਾ ਧੋਖਾਧੜੀ ਦੇ ਇੱਕ ਪੈਟਰਨ ਦਾ ਖੁਲਾਸਾ ਕੀਤਾ ਜਿਸ ਵਿੱਚ ਸਟੇਜਡ ਵਾਹਨ ਟੱਕਰਾਂ, ਧਮਕੀਆਂ, ਹਮਲੇ ਅਤੇ ਸਥਾਨਕ ਟੋਇੰਗ ਕਾਰਜਾਂ ਨੂੰ ਡਰਾਉਣ ਅਤੇ ਨਿਯੰਤਰਣ ਕਰਨ ਲਈ ਹਥਿਆਰਾਂ ਦੀ ਵਰਤੋਂ ਸ਼ਾਮਲ ਸੀ।10 ਜੂਨ, 2025 ਤੱਕ, 18 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚ ਕਿੰਗ ਸਿਟੀ ਦੀ ਇੱਕ 37 ਸਾਲਾ ਔਰਤ ਹਾਲੇਹ ਜਾਵੇਦੀ ਤੋਰਾਬੀ ਅਤੇ ਬ੍ਰੈਂਪਟਨ ਦੇ 17 ਪੁਰਸ਼ ਸ਼ਾਮਲ ਹਨ। ਗ੍ਰਿਫ਼ਤਾਰ ਕੀਤੇ ਗਏ ਵਿਅਕਤੀ ਹਨ:ਇੰਦਰਜੀਤ ਧਾਮੀ (38),ਪਰੀਤੋਸ਼



ਚੋਪੜਾ( 32),ਗੁਰਬਿੰਦਰ ਸਿੰਘ (28)ਕੁਲਵਿੰਦਰ ਪੁਰੀ (25)ਪਰਮਿੰਦਰ ਪੁਰੀ (31), ਇੰਦਰਜੀਤ ਬਲ (29),ਵਰੁਣ ਔਲ (31),ਕੇਤਨ ਚੋਪੜਾ (30)ਨੌਰਮਨ ਤਜ਼ੇਹਖੰਡ(32)ਪਵਨਦੀਪ ਸਿੰਘ(25)ਦੀਪਾਂਸ਼ੂ ਗਰਗ (24),ਰਾਹੁਲ ਵਰਮਾ(27),ਕਰਨ ਬੋਪਾਰਾਏ (26) ਮਨਕੀਰਤ ਬੋਪਾਰਾਏ (22)ਸਿਮਰ ਬੋਪਾਰਾਏ(21)ਜੋਵਨ ਸਿੰਘ(23) ਅਭਿਨਵ ਭਾਰਦਵਾਜ(25) ਦੋਸ਼ੀਆਂ ਨੂੰ ਸਮੂਹਿਕ ਤੌਰ 'ਤੇ 97 ਅਪਰਾਧਿਕ ਦੋਸ਼ਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਨ੍ਹਾਂ ਵਿੱਚ ਇੱਕ ਅਪਰਾਧਿਕ ਸੰਗਠਨ ਵਿੱਚ ਭਾਗੀਦਾਰੀ, ਜਬਰੀ ਵਸੂਲੀ ਅਤੇ ਧੋਖਾਧੜੀ ਤੋਂ ਲੈ ਕੇ ਹਥਿਆਰਾਂ ਨਾਲ ਸਬੰਧਤ ਅਪਰਾਧ ਸ਼ਾਮਲ ਹਨ। ਪੁਲਿਸ ਨੇ ਪੁਸ਼ਟੀ ਕੀਤੀ ਕਿ ਤਿੰਨ ਵਿਅਕਤੀਆਂ ਨੂੰ ਭਵਿੱਖ ਦੀ ਅਦਾਲਤ ਦੀ ਤਾਰੀਖ ਨਾਲ ਰਿਹਾਅ ਕਰ ਦਿੱਤਾ ਗਿਆ ਹੈ, ਜਦੋਂ ਕਿ 15 ਨੂੰ ਬਰੈਂਪਟਨ ਦੇ ਓਨਟਾਰੀਓ ਕੋਰਟ ਆਫ਼ ਜਸਟਿਸ ਵਿੱਚ ਜ਼ਮਾਨਤ ਦੀ ਸੁਣਵਾਈ ਲਈ ਰੱਖਿਆ ਗਿਆ ਹੈ। ਚਿੰਤਾਜਨਕ ਤੌਰ 'ਤੇ, ਲਗਭਗ ਅੱਧੇ ਦੋਸ਼ੀ ਆਪਣੀ ਗ੍ਰਿਫਤਾਰੀ ਦੇ ਸਮੇਂ ਪਹਿਲਾਂ ਹੀ ਨਿਆਂਇਕ ਰਿਹਾਈ 'ਤੇ ਸਨ।ਜਾਂਚ ਦੌਰਾਨ, ਅਧਿਕਾਰੀਆਂ ਨੇ ਕਾਫ਼ੀ ਜਾਇਦਾਦ ਜ਼ਬਤ ਕੀਤੀ, ਜਿਸ ਵਿੱਚ ਸ਼ਾਮਲ ਹਨ:2.8 ਮਿਲੀਅਨ ਡਾਲਰ ਦੀ ਕੀਮਤ ਵਾਲੇ 18 ਟੋ ਟਰੱਕ,840,000 ਡਾਲਰ ਦੀ ਕੀਮਤ ਵਾਲੇ ਚਾਰ ਨਿੱਜੀ ਵਾਹਨ,571,000 ਡਾਲਰ ਦੀ ਕੀਮਤ ਵਾਲੇ ਪੰਜ ਚੋਰੀ ਹੋਏ ਵਾਹਨ,ਛੇ ਹਥਿਆਰ 586 ਰਾਉਂਡ ਗੋਲਾ ਬਾਰੂਦ,ਦੋ ਬੁਲੇਟਪਰੂਫ ਜੈਕਟ,ਇੱਕ ਕਰਾਸਬੋ, ਟੇਜ਼ਰ ਅਤੇ ਬੇਸਬਾਲ ਬੈਟ ਸਮੇਤ ਕਈ ਹਥਿਆਰ ਪ੍ਰੋਜੈਕਟ ਆਊਟਸੋਰਸ ਇੱਕ ਸੰਯੁਕਤ ਫੋਰਸ ਓਪਰੇਸ਼ਨ ਸੀ ਜਿਸ ਵਿੱਚ ਪੀਲ ਰੀਜਨਲ ਪੁਲਿਸ, ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ, ਹਾਲਟਨ ਰੀਜਨਲ ਪੁਲਿਸ, ਯੌਰਕ ਰੀਜਨਲ ਪੁਲਿਸ ਅਤੇ ਟੋਰਾਂਟੋ ਪੁਲਿਸ ਸਰਵਿਸ ਸ਼ਾਮਲ ਸਨ।ਇਸ ਪਹਿਲਕਦਮੀ ਨੂੰ ਸਾਲੀਸਿਟਰ ਜਨਰਲ ਮੰਤਰਾਲੇ ਦੁਆਰਾ ਕ੍ਰਿਮੀਨਲ ਇੰਟੈਲੀਜੈਂਸ ਸਰਵਿਸ ਓਨਟਾਰੀਓ ਰਾਹੀਂ ਫੰਡ ਦਿੱਤਾ ਗਿਆ ਸੀ।

# ਅਬਦਾਲੀ ਹੁਣ ਦਿੱਲੀ ਵੱਲੋਂ...

ਰਿਸ਼ਤੇ ਹਵਾ ਕੇ ਸਾਥ ਭੀ ਪੁਰਾਣੇ ਹੈਂ।ਮਗ਼ਰ ਦੀਏ ਤੋਂ ਹਰ ਹਾਲ ਜਲਾਣੇਂ ਹੈਂ। ਸਮੇਂ ਦੇ ਹਾਕਮਾਂ ਦੇ ਕੁੱਝ ਚੰਗੇ ਕੰਮਾਂ ਵੱਲ ਤੱਕਦੇ ਹਾਂ ਤਾਂ ਦਿਲ ਨਹੀਂ ਕਰਦਾ ਕਿ ਨਿੰਦਿਆ ਕੀਤੀ ਜਾਵੇ। ਪ੍ਰੰਤੂ ਜਦੋਂ ਦੂਜੇ ਪਾਸੇ ਘਰ ਲੁੱਟਿਆ ਜਾਂਦਾ ਦਿੱਸੇ ਤਾਂ ਮਨ ਨੂੰ ਡੂੰਘੀ ਸੱਟ ਵੱਜਦੀ ਹੈ। ਇੱਥੇ ਆਕੇ ਅਧੋਗਤੀ ਵਾਲੀ ਸਥਿਤੀ ਛੱਡਣੀ ਪੈਂਦੀ ਹੈ। ਜੇ ਕਲਮ ਹੱਥ ਫੜ੍ਹਕੇ ਪੱਖਪਾਤ ਜਾਂ ਕਿਸੇ ਨਿੱਜੀ ਵਿਰੋਧਾਭਾਸ ਦੀ ਇਬਾਰਤ ਲਿਖੀ ਜਾਵੇ ਤਾਂ ਆਤਮਾ ਨੂੰ ਸੇਕ ਲੱਗਦਾ ਹੈ। ਜੇ ਮੁੱਦਿਆਂ ਦੀ ਅਣਦੇਖੀ ਕਰਕੇ ਕਿਸੇ ਤਰਫਦਾਰੀ ਲਈ ਹਰਫ ਲਿਖੇ ਜਾਣ ਤਾਂ ਫਰਜ਼ਾਂ ਵਿੱਚ ਵੀ ਕੁਤਾਹੀ ਹੁੰਦੀ ਹੈ ਅਤੇ ਕਲਮ ਦੀ ਕਿਰਤ ਨੂੰ ਵੀ ਦਾਗ ਲੱਗਦਾ ਹੈ ਪੰਜਾਬ ਵਿੱਚ ਪਿਛਲੇ ਕਈ ਦਹਾਕਿਆਂ ਤੋਂ ਅਕਾਲੀ ਕਾਂਗਰਸੀ ਰਾਜਨੀਤੀ ਤੋਂ ਤੰਗ ਆ ਚੁੱਕੇ ਲੋਕਾਂ ਨੇ 2022 ਵਿੱਚ ਵੱਡਾ ਬਦਲਾਅ ਕਰਦਿਆਂ, ਆਮ ਆਦਮੀ ਪਾਰਟੀ ਨੂੰ ਪੰਜਾਬ ਦੇ ਰਾਜ ਪ੍ਰਬੰਧ ਦੀ ਵਾਗਡੋਰ ਸੌਂਪੀ ਸੀ। ਇਸ ਪਿੱਛੇ ਪੰਜਾਬ ਦੇ ਲੋਕਾਂ ਅਤੇ ਖਾਸ ਕਰਕੇ ਸਿੱਖਾਂ ਨੂੰ ਇੱਕ ਗੁੱਸਾ ਸੀ ਕਿ ਜੇ ਕਾਂਗਰਸੀਆਂ ਨੇ ਕੁਝ ਨਹੀਂ ਕੀਤਾ ਤਾਂ ਕੀਤਾ ਅਕਾਲੀਆਂ ਨੇ ਵੀ ਕੁਝ ਨਹੀਂ ਤਾਂ ਕਰਕੇ ਤੀਜੇ ਨਵੇਂ ਖਸਮ ਕੀਤੇ ਸਨ। ਲੋਕਾਂ ਨੂੰ ਬਹੁਤ ਸਾਰੀਆਂ ਆਸਾਂ ਅਤੇ ਉਮੀਦਾਂ ਸਨ ਕਿ ਇਹ ਪੰਜਾਬ ਦੇ ਵਾਰਸ ਬਣ ਕੇ ਸ਼ਹੀਦ ਭਗਤ ਸਿੰਘ ਤੇ ਆਸ਼ਿਆਂ ਅਨੁਸਾਰ ਪੰਜਾਬ ਅਤੇ ਲੋਕਾਂ ਦਾ ਭਲਾ ਕਰਨ ਲਈ ਕੰਮ ਕਰਨਗੇ।ਬੇਸ਼ਕ ਆਮ ਆਦਮੀ ਪਾਰਟੀ ਨੇ ਕੁਝ ਕੰਮ ਚੰਗੇ ਵੀ ਕੀਤੇ ਹਨ। ਪ੍ਰੰਤੂ ਜੋ ਆਸ ਲੋਕਾਂ ਨੂੰ ਸੀ ਜਾਂ ਜਿਸ ਤਰ੍ਹਾਂ ਦੀ ਪੰਜਾਬ ਦੇ ਲੋਕਾਂ ਦੀ ਭਾਵਨਾ ਹੈ, ਉਸ ਤਰ੍ਹਾਂ ਦੀ ਰਾਜਨੀਤੀ ਜਾਂ ਕਾਰਗੁਜ਼ਾਰੀ ਕਰਨ ਵਿੱਚ ਆਮ ਆਦਮੀ ਪਾਰਟੀ ਪੰਜਾਬੀਆਂ ਦੀ ਕਸਵੱਟੀ ਉੱਤੇ ਖਰੀ ਨਹੀਂ ਉਤਰੀ। ਜਿਸ ਕਰਕੇ ਪੰਜਾਬ ਦੇ ਵਿੱਚ ਆਉਣ ਵਾਲਾ ਮਾਹੌਲ ਕੁਝ ਹੋਰ ਸੰਕੇਤ ਦਿੰਦਾ ਨਜ਼ਰ ਆ ਰਿਹਾ ਹੈ। ਲਗਾਤਾਰ ਵਧ ਰਿਹਾ ਕਰਜ਼ਾ ਅਤੇ ਵਿਗੜ ਰਹੀ ਅਮਨ ਕਾਨੂੰਨ ਦੀ ਸਥਿਤੀ ਲੋਕਾਂ ਵਿੱਚ ਸ਼ੰਕੇ ਪੈਦਾ ਕਰ ਰਹੀ ਹੈ।ਪੰਜਾਬ ਨਾਲ ਵਿਤਕਰੇ ਧੱਕੇ ਕੇਂਦਰ ਵੱਲੋਂ ਤਾਂ 1947 ਤੋਂ ਲੈ ਕੇ ਹੀ ਕੀਤੇ ਜਾ ਰਹੇ ਹਨ। ਉਸ ਤੋਂ ਬਾਅਦ ਕਾਂਗਰਸੀਆਂ ਜਾਂ ਅਕਾਲੀਆਂ ਨੇ ਦਿੱਲੀ ਦੇ ਭੈਅ ਵਿੱਚ ਪੰਜਾਬ ਦੇ ਹੱਕਾਂ ਦੀ ਰਾਖੀ ਜਾਂ ਇੱਥੋਂ ਦੇ ਲੋਕਾਂ ਦੇ ਜਜ਼ਬਾਤਾਂ ਦੀ ਤਰਜਮਾਨੀ ਨਹੀਂ ਕੀਤੀ। ਦਿੱਲੀ ਦਾ ਦਖਲ ਪੰਜਾਬ ਦੇ ਆਸ਼ਿਆ ਦੇ ਸਦਾ ਉਲਟ ਹੀ ਰਿਹਾ ਹੈ। ਇਸ ਕਰਕੇ ਪੰਜਾਬ ਵਿੱਚੋਂ ਬਗਾਵਤੀ ਸੁਰਾਂ ਜਾਂ ਰੋਹ ਸਮੇਂ ਸਮੇਂ ਉੱਠਦਾ ਰਿਹਾ। ਉਸ ਵਿੱਚੋਂ ਹੀ ਇਹ ਬਦਲਾਅ ਸਾਹਮਣੇ ਆਇਆ ਸੀ।ਪ੍ਰੰਤੂ ਇਹ ਬਦਲਾਅ ਇਨਾ ਜਿਆਦਾ ਅੱਗੇ ਲੰਘ ਗਿਆ ਕਿ ਪੰਜਾਬ ਵਿੱਚੋਂ ਜਿਹੜਾ ਵਿਧਾਨਕਾਰਾਂ ਦਾ ਸੈਂਕੜਾ ਲੋਕਾਂ ਨੇ ਚੁਣ ਕੇ ਭੇਜਿਆ ਹੈ ਕੀ ਉਹਨਾਂ ਵਿੱਚ ਕੋਈ ਕਾਬਲ ਵਿਅਕਤੀ ਹੀ ਨਹੀਂ ਲੱਗਦਾ ਕਿਉਂਕਿ ਦਿੱਲੀ ਜਾਂ ਹੋਰਨਾ ਸੂਬਿਆਂ ਤੋਂ ਲਿਆ ਲਿਆ ਕੇ ਬਹੁਤ ਸਾਰੇ ਗੈਰ ਪੰਜਾਬੀਆਂ ਨੂੰ ਪੰਜਾਬ ਵਿੱਚ ਰਾਜਨੀਤਿਕ ਕੁਰਸੀਆਂ ਤੇ ਬਿਠਾਇਆ ਜਾ ਰਿਹਾ ਹੈ ਅਤੇ ਉਹ ਪੰਜਾਬ ਦੇ ਲੋਕਾਂ ਦੇ ਫੈਸਲਿਆਂ ਨੂੰ ਪ੍ਰਭਾਵਿਤ ਕਰ ਰਹੇ ਹਨ। ਇਥੋਂ ਤੱਕ ਕਿ ਸਰਕਾਰ ਦੇ ਵੱਡੇ ਫੈਸਲਿਆਂ ਦੇ ਐਲਾਨ ਸਮੇਂ ਮੁੱਖ ਮੰਤਰੀ ਪੰਜਾਬ ਵੀ ਬੇਵਸ ਜਾ ਵਿਚਾਰੇ ਜਿਹੇ ਬਣੇ ਨਜ਼ਰ ਆਉਂਦੇ ਹਨ ਕਿਉਂਕਿ ਹਰ ਅਹਿਮ ਐਲਾਨ ਕਰਨ ਲਈ ਅਰਵਿੰਦ ਕੇਜਰੀਵਾਲ ਜਾਂ ਮਨੀਸ਼ ਸੁਸ਼ੋਦੀਆ ਦੀ ਹਾਜ਼ਰੀ ਕਿਤੇ ਨਾ ਕਿਤੇ ਅਹਿਸਾਸ ਕਰਾਉਂਦੀ ਹੈ ਕਿ ਭਗਤ ਸਿੰਘ ਦੇ ਸੁਫਨਿਆਂ ਦੀ ਸਰਕਾਰ ਦਿੱਲੀ ਦੀ ਗੁਲਾਮ ਹੈ। ਹੁਣ ਲੋਕਾਂ ਨੇ ਇੱਥੋਂ ਤੱਕ ਕਹਿਣਾ ਸ਼ੁਰੂ ਕਰ ਦਿੱਤਾ ਹੈ ਕਿ ਕੁਝ ਸਦੀਆਂ ਪਹਿਲਾਂ ਅਬਦਾਲੀ ਅਫਗਾਨਿਸਤਾਨ ਵੱਲੋਂ ਆਉਂਦਾ ਹੁੰਦਾ ਸੀ। ਪ੍ਰੰਤੂ ਹੁਣ ਇਹ ਲੱਗਦਾ ਹੈ ਕਿ ਅਬਦਾਲੀ ਦਿੱਲੀ ਵੱਲੋਂ ਆ ਰਿਹਾ ਹੈ।

*ਗੁਰਿੰਦਰਪਾਲ ਸਿੰਘ ਧਨੌਲਾ












## A-CLASS Appliance Rep.

*Stove *Fridges
*Washer *Dryers
*Dishwasher *Freezer
*Garburator *Hot Water Tank
*Hot Water Heating Furnace



GURJIT
CERTIFIED TECHNICIAN
(24Hrs)

**Off: 604-543-6239**

#103-12465-82Ave Surrey, BC

## A-CLASS Electric Ltd.

*House *Commercial *Industrial *Renovation
*Town Houses Wiring *Build-In Vaccum
*Security System & Monitoring
*Intercom's Video Monitored Intercom

FREE ESTIMATES

**Cell: 604-351-2538**
**Tel:604-596-5474**

CLASS "A" CERTIFIED & LICENCED ELECTRICIANS



MANJIT

## ਸੰਦਲ ਰੈਨੋਵੇਸ਼ਨ

Your's Complete Home Renovation

* ਫਰੇਮਿੰਗ
* ਡਰਾਈਵਾਲ
* ਪੇਂਟਿੰਗ
* ਟਾਈਲਜ਼
* ਲੈਮੀਨੇਟ
* ਇਲੈਕਟ੍ਰੀਕਲ
* ਪਲਬਿੰਗ
* ਕਾਰਪੈਟ
* ਰੂਫਿੰਗ ਦਾ ਕੰਮ
* ਸਨਡੈਕ ਦੀ ਰਿਪੇਅਰ

ਮੁਫਤ ਐਸਟੀਮੇਟ ਲਈ ਸੰਪਰਕ ਕਰੋ

**ਭਿੰਦਰ: 604-725-6270**

ਅਸੀਂ ਪੂਰੇ ਘਰ ਦੀ ਰੈਨੋਵੇਸ਼ਨ ਸਮੇਤ ਪਲਬਿੰਗ, ਹੀਟਿੰਗ, ਇਲੈਕਟ੍ਰੀਕਲ ਆਦਿ ਬਹੁਤ ਵਾਜਿਬ ਕੀਮਤਾਂ 'ਤੇ ਕਰਦੇ ਹਾਂ

## ਲੱਖੀ ਰੈਨੋਵੇਸ਼ਨ

- ਵਾਸ਼ਰੂਮ ਅਤੇ ਕਿਚਨ ਦੀ ਰੈਨੋਵੇਸ਼ਨ
- ਬੇਸਮੈਂਟ ਦੀ ਰੈਨੋਵੇਸ਼ਨ
- ਡੋਰ ਐਂਡ ਮੋਲਡਿੰਗ
- ਵਲੇਮੀਨੇਟ ਫਲੋਰਿੰਗ ਅਤੇ ਬੇਸਬੋਰਡ
- ਫਲੋਰ ਅਤੇ ਵਾਲ ਟਾਈਲਜ਼
- ਪੁਰਾਣਾ ਅਤੇ ਨਵਾਂ ਪੁਰਾਣਾ ਸਨਡੈਕ



- ਘਰ ਨੂੰ ਵਧਾਉਣਾ
- ਪੇਂਟਿੰਗ
- ਕਾਰਪੇਂਟਰੀ
- ਪੌੜੀਆਂ
- ਫਿਨਸ਼ਿੰਗ
- ਫਰੇਮਿੰਗ

15 ਸਾਲਾ ਦਾ ਤਜ਼ਰਬਾ

ਹੋਰ ਜਾਣਕਾਰੀ ਲਈ ਫੋਨ ਕਰੋ :
ਪੂਰਾ ਕੰਮ ਸਮੇਂ ਅਤੇ ਵਾਜਿਬ ਰੇਟ 'ਤੇ ਗਰੰਟੀ ਨਾਲ ਕਰਦੇ ਹਾਂ

ਅਸੀਂ ਤਸੱਲੀਬਖਸ਼ ਕੰਮ ਕਰਦੇ ਹਾਂ

**ਲੱਖਵਿੰਦਰ ਸੈਂਹਬੀ : 604-621-0206**
lakhwindersembhi@yahoo.ca

## DAWN RENOVATION

Commercial & Residential

ਹਰ ਤਰ੍ਹਾਂ ਦੀ ਰੂਫਿੰਗ ਦਾ ਕੰਮ ਵੀ ਕੀਤਾ ਜਾਂਦਾ ਹੈ

Certified Electrician, Builder, Construction & Development

ਬੇਸਮੈਂਟ ਰੈਨੋਵੇਸ਼ਨ * ਵਾਸ਼ਰੂਮ * ਕਿਚਨ ਅਤੇ ਸਨਡੈਕ * ਪਲਬਿੰਗ / ਹੀਟਿੰਗ * ਪੇਂਟਿੰਗ*
ਹਰ ਤਰ੍ਹਾਂ ਦੀ ਬਿਜਲੀ ਦਾ ਕੰਮ।



ਨਵੇਂ ਅਤੇ ਪੁਰਾਣੇ ਘਰਾਂ ਦੀ ਰੈਨੋਵੇਸ਼ਨ ਦੇ ਮਾਹਿਰ
ਦਲਜੀਤ ਸਿੰਘ ਧਾਮੀ ਜਾਂ ਇੰਦਰਜੀਤ ਸਿੰਘ ਨੂੰ
ਮੁਫਤ ਐਸਟੀਮੇਟ ਲੈਣ ਲਈ ਫੋਨ ਕਰੋ

**604-716-3534 / 778-881-0236**

daljitsinghdhami@gmail.com

## Up-To-Date Finishing

ਅਸੀਂ ਪੁਰਾਣੇ ਘਰਾਂ ਦੀ ਹਰ ਤਰ੍ਹਾਂ ਦੀ ਰੈਨੋਵੇਸ਼ਨ ਕਰਦੇ ਹਾਂ

We are specialized in Custom Wood Working:

Residential & Commercial Renovations

- Doors
- Mouldings
- Fire Place
- Base Board
- Hardy Plank
- Wood Floor




**Sanjeev Dhir 778.320.9413**
sanjeevkumarsk52@gmail.com

## BT LINE PAINTING CO.

ਟੋਪਲਾਈਨ ਪੇਂਟਿੰਗ ਅਸੀਂ ਸਨਡੈਕ ਵੀ ਬਣਾਉਂਦੇ ਹਾਂ

SPECIALIZING IN:

Spray & Roller Panting * Interior & Exterior * Pressure Washing*

ਅਸੀਂ ਰੀ-ਰੂਫੀਂਗ, ਫਰੇਮਿੰਗ ਅਤੇ ਡਰਾਈਵਾਲ ਦਾ ਕੰਮ ਵੀ ਕਰਦੇ ਹਾਂ।

ਹਰ ਕਿਸਮ ਦੀ ਰੈਨੋਵੇਸ਼ਨ, ਵਾਸ਼ਰੂਮ, ਹਾਰਡਵੁਡ ਫਲੋਰਿੰਗ, ਬੇਸਮੈਂਟ, ਟਾਈਲਾਂ ਆਦਿ
ਕਮਰਸ਼ੀਅਲ ਐਂਡ ਰੈਜ਼ੀਡੈਂਸ਼ੀਅਲ * ਕੁਆਲਟੀ ਵਰਕ * ਵਾਜਬ ਰੇਟ

For FREE estimates call Mr. Kulwant Singh Boyal

**Cell: 604-340-7497 Res: 604-543-8064**

## STORM ELECTRIC LTD.

Residential & Commercial

Licenced & Bonded

*All Kinds Of Electrical Service
*Best Rate
*Friendly Service
*Quality Workmanship

**Mandeep Dhaliwal**
(Certified Electrician)

**778-994-7207**
Email:stormelectricltd@gmail.com

# HOME IMPROVEMENT

## TOOR LANDSCAPING & FENCE

**RESIDENTIAL & COMMERCIAL**

- ਅਸੀਂ ਨਵੇਂ ਅਤੇ ਪੁਰਾਣੇਂ ਘਰਾਂ ਵਿੱਚ ਫੈਂਸ ਲਾਉਣ ਦਾ ਕੰਮ ਕਰਦੇ ਹਾਂ।
- 2X3 ਦਾ ਫਰੇਮ ਸੋਲਿਡ $210 ਦਾ ਪੈਨਲ
- ਪੁਰਾਣੀਂ ਚੁੱਕ ਕੇ ਲੈ ਜਾਂਦੇ ਹਾਂ।
- ਕੰਮ ਦੀ ਪੂਰੀ ਪੂਰੀ ਗਰੰਟੀ ਹੈ।
- ਸਾਡੇ ਰੇਟ ਬਹੁਤ ਹੀ ਵਾਜ਼ਬ ਹਨ।



**ਅਸੀਂ ਸਪੈਸ਼ਲ ਰੇਟਾਂ ਤੇ ਫੈਂਸ ਲਾਉਂਦੇ ਹਾਂ**

**ਅਸੀਂ ਲੋਹੇ ਅਤੇ ਵਾਈਨਲ ਦੀ ਫੈਂਸ ਵੀ ਲਾਉਂਦੇ ਹਾਂ**

ਹੋਰ ਜਾਣਕਾਰੀ ਲਈ ਜਗਤਾਰ ਨੂੰ ਫੋਨ ਕਰੋ

ਅਸੀਂ ਮਸ਼ਰੂਮ ਦਾ ਢੇਰ ਡਿਲੀਵਰ ਕਰਦੇ ਹਾਂ ਅਤੇ ਪਾ ਕੇ ਵੀ ਜਾਂਦੇ ਹਾਂ।


**604-729-3225**

ਅਸੀਂ ਸਨ ਡੈੱਕ ਦੇ ਸਟੈਪ ਵੀ ਬਣਾਉਂਦੇ ਹਾਂ।
ਅਸੀਂ ਕਾਂਵਾਂ ਦਾ ਪੁੱਟਿਆ ਹੋਇਆ ਘਾਹ ਵੀ ਫਿਕਸ ਕਰਦੇ ਹਾਂ

## RIGHT TOUCH PAINTING Co.

RT

Residential & Commercial



- Interior & Exterior Painting
- Roller, Brush & Spray Painting
- Stucco Painting
- Re-Painting
- Fast & Friendly Service

**Special Discount on Repaint**

ਸਾਨੂੰ ਕੰਮ ਵਾਸਤੇ ਤਜਰਬੇਕਾਰ ਵਰਕਰਾਂ ਦੀ ਲੋੜ ਹੈ।
ਤਨਖਾਹ ਤਜਰਬੇ ਅਨੁਸਾਰ ਵਧੀਆ ਦਿੱਤੀ ਜਾਵੇਗੀ

**Call Ratinder: 604-765-3419**

## SINGH RAJ

### RENOVATION CO.



**We noticed your house needs minor repair**
Unsure ofyourhousehold fixtures?
Just to replace or repair? **Get it Done Today!**

**We guaranteed Singh Raj Renovation is the smartest choice for household small jobs**

*Residential Wooden Stairs Jobs
*Residential Doors & Lock Jobs
*Painting & Cleaning Jobs
*Wooden Cabinets Repair & Paint
*Minor Electrical Trouble Shooting & Replacement of Lights, Washroom fans, Range hoods
*Touble Shooting in Plumbing *Replacement of Tiles, Taps, Faucets.

**SPECIALISTS IN**
Maintain+Repair & New Installation
Reasonable Rates
20Yrs Exprienced

**Call Raj: 778-229-9261**


## Ambrosia Renovation

**Your's Complete Home Renovation**

- * ਫਰੇਮਿੰਗ
- * ਡਰਾਈਵਾਲ
- * ਪੇਂਟਿੰਗ
- * ਟਾਈਲਜ਼
- * ਲੈਮੀਨੇਟ
- * ਇਲੈਕਟ੍ਰੀਕਲ
- * ਪਲਬਿੰਗ
- * ਕਾਰਪੈਟ
- * ਰੂਫਿੰਗ ਦਾ ਕੰਮ
- * ਸਨਡੈਕ ਦੀ ਰਿਪੇਅਰ

**Sunny : 778-951-1699**

ਪੁਰਾਣੇ ਘਰਾਂ ਦੀ ਮੁਕੰਮਲ ਰੇਨੋਵੇਸ਼ਨ ਦਾ ਕੰਮ ਬਹੁਤ ਹੀ ਵਾਜਬ ਰੇਟਾਂ ਅਤੇ ਤਸੱਲੀਬਖਸ਼ ਕੀਤਾ ਜਾਂਦਾ ਹੈ। ਫਰੇਮਿੰਗ, ਡਰਾਈਵਾਲ, ਪੇਟਿੰਗ, ਟਾਇਲਜ਼, ਲੈਮੀਨੇਟ, ਇਲਕਟ੍ਰੀਕਲ ਪਲੰਬਿੰਗ ਅਤੇ ਫੈਨਸਿੰਗ ਦੇ ਕੰਮਾਂ ਵਿਚ ਮਾਹਿਰ



**Contact for Kitchen Cabinet & Counter Tops in Homes**

**ਘਰ ਜਾਂ ਬੇਸਮੈਂਟ ਰਿਪੇਅਰ ਕਰਵਾਉਣ ਲਈ ਸੰਪਰਕ ਕਰੋ**

**236–234–4081**

## Lionsbay Plumbing & Heating

### ◆ Plumbing ◆ Heating

- BOILERS & FURNACES REPAIR & REPLACEMENT
- HOT WATER TANK REPLACEMENT
- GAS FIREPLACES AND GAS STOVES
- ALL KINDS OF PLUMBING

- ਬੋਇਲਰ ਅਤੇ ਫਰਨੇਸ ਰਿਪੇਅਰ ਅਤੇ ਰਿਪਲੇਸਮੈਂਟ
- ਹਾਟ ਵਾਟਰ ਟੈਂਕ ਰਿਪਲੇਸਮੈਂਟ
- ਹਰ ਪ੍ਰਕਾਰ ਦੇ ਪਲੰਬਿੰਗ ਦੇ ਕੰਮ ਅਤੇ ਨਵੇਂ ਇੰਸਟੌਲੇਸ਼ਨ

ਵਧੀਆ ਸਰਵਿਸ ਅਤੇ ਵਾਜਿਬ ਰੇਟ

New Construction Renovations & Service Work





***Certified, Insured & Bonded Plumbers & Gas Fitters***

**Off:604-802-5466**

**Jas Sekhon 778-378-8274**

Email:service@lionsbay.co

## KING 73 RENO LTD.

**We Do All Kind Of Renovation**

* ਫਰੇਮਿੰਗ * ਡਰਾਈਵਾਲ * ਪੇਂਟਿੰਗ * ਟਾਈਲਾਂ
* ਸਨਡੈੱਕ ਦੀ ਰਿਪੇਅਰ * ਲੈਮੀਨੇਟ * ਵਾਸ਼ਰੂਮ
* ਕਿਚਨ * ਐਕਸਟਰਾ ਰੂਮ ਐਡੀਸ਼ਨ
* ਇਲੈਕਟ੍ਰੀਕਲ * ਪਲੰਬਿੰਗ * ਰੂਫਿੰਗ ਦਾ ਕੰਮ



**22 ਸਾਲ ਦਾ ਤਜਰਬਾ**

**FREE ESTIMATES**

**ਅਸੀਂ ਸਨਡੈੱਕ ਅਤੇ ਪੌੜੀਆਂ ਵੀ ਰਿਪੇਅਰ ਕਰਦੇ ਹਾਂ**

ਵੱਡੀ ਜਾਂ ਛੋਟੀ ਜੌਬ, ਹਰ ਪ੍ਰਕਾਰ ਦੀ ਰੈਨੋਵੇਸ਼ਨ ਫਰੀ ਐਸਟੀਮੇਟ ਵਾਸਤੇ ਤਜਰਬੇਕਾਰ ਗੁਰਦੀਪ ਸਿੰਘ ਨਾਲ ਸੰਪਰਕ ਕਰੋ :

**ਸਾਨੂੰ ਵਰਕਰਾਂ ਦੀ ਵੀ ਲੋੜ ਹੈ।**

**Gurdeep S. Gill 778.896.4555**

king73renoltd@gmail.com www.king73reno.com

# ਮਹਿਰੋਂ ਮੁਜ਼ਰਮ ਜਾਂ ਮਹਿਰਮ

ਕੁੱਝ ਦਿਨ ਪਹਿਲਾਂ ਇੱਕ ਬੀਬੀ ਕੰਚਨ ਕੁਮਾਰੀ ਤਿਵਾੜੀ ਉਰਫ ਕਮਲ ਕੌਰ ਭਾਬੀ ਦਾ ਕਤਲ ਹੋ ਜਾਣ ਤੋਂ ਬਾਅਦ ਸੋਸ਼ਲ ਮੀਡੀਆ ਜਾਂ ਦੂਜੇ ਮੀਡੀਆ ਤੇ ਇੱਕ ਵੱਡੀ ਚਰਚਾ ਚੱਲ ਰਹੀ ਹੈ। ਇਸ ਚਰਚਾ ਵਿੱਚੋਂ ਇੱਕ ਹੀ ਸਵਾਲ ਦਾ ਜਵਾਬ ਲੱਭਣ ਦਾ ਯਤਨ ਹੋ ਰਿਹਾ ਹੈ ਜਾਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਕਿ ਇਸ ਕਤਲ ਕਾਂਡ ਦੇ ਮੁੱਖ ਸੂਤਰਧਰ ਭਾਈ ਅੰਮ੍ਰਿਤਪਾਲ ਸਿੰਘ ਮਹਿਰੋਂ ਮੁਜ਼ਰਮ ਕਿਹਾ ਜਾਵੇ ਜਾਂ ਉਹਨਾਂ ਨੂੰ ਮਹਿਰਮ ਕਿਹਾ ਜਾਵੇ ?

ਕਿਸੇ ਨੂੰ ਕਤਲ ਕਰਨ ਜਾਂ ਕਾਨੂੰਨ ਨੂੰ ਆਪਣੇ ਹੱਥ ਵਿੱਚ ਨਹੀਂ ਲੈਣਾ ਚਾਹੀਦਾ ਪਰ ਜਦੋਂ ਕਿਸੇ ਘਟਨਾ ਦਾ ਸਬੰਧ ਕੌਮੀ ਪਛਾਣ ਜਾਂ ਮੁੱਦਿਆਂ ਨਾਲ ਜੁੜ ਜਾਵੇ ਤਾਂ ਉਸ ਦੇ ਪ੍ਰਭਾਵ ਨੂੰ ਸਪਸ਼ਟ ਨਾ ਕਰਨਾ ਵੀ ਗੈਰਜਿੰਮੇਵਾਰਾਨਾ ਕਾਰਵਾਈ ਹੁੰਦੀ ਹੈ। ਹੁਣ ਤੱਕ ਦੋ ਧਿਰਾਂ ਜਿਹਨਾਂ ਵਿੱਚ ਪੁਲਿਸ ਜਾਂ ਸਰਕਾਰ ਨੇ ਕਾਨੂੰਨ ਅਨੁਸਾਰ ਭਾਈ ਮਹਿਰੋਂ ਨੂੰ ਮੁਜ਼ਰਿਮ ਹੀ ਨਹੀਂ ਮੁੱਖ ਮੁਜ਼ਰਿਮ ਕਰਾਰ ਦਿੱਤਾ ਹੈ। ਇਸ ਦੇ ਨਾਲ ਹੀ ਕੁਝ ਸਰਕਾਰੀ ਜਾਲ ਵਿੱਚ ਫਸੇ ਸਿੱਖ ਵੀ ਭਾਈ ਮਹਿਰੋਂ ਦੇ ਖਿਲਾਫ ਬੋਲੇ ਹਨ।ਪ੍ਰੰਤੂ ਦੂਜੇ ਪਾਸੇ ਪੰਥਕ ਹਲਕਿਆਂ ਵਿੱਚੋਂ ਬਹੁਤ ਸਾਰੇ ਆਗੂ ਤੇ ਜਥੇਬੰਦੀਆਂ ਨੇ ਭਾਈ ਮਹਿਰੋਂ ਦੀ ਕਾਰਵਾਈ ਨੂੰ ਜਾਇਜ਼ ਠਹਿਰਾਇਆ ਹੈ। ਉਸ ਵੇਲੇ ਇਹ ਸਾਰੇ ਘਟਨਾਕਰਮ ਵਿੱਚ ਇੱਕ ਮੋੜ ਆ ਗਿਆ। ਜਦੋਂ ਅਕਾਲ ਤਖਤ ਸਾਹਿਬ ਦੇ ਹੈਡ ਗ੍ਰੰਥੀ ਭਾਈ ਮਲਕੀਤ ਸਿੰਘ ਨੇ ਵੀ ਮਹਿਰੋਂ ਦੇ ਹੱਕ ਵਿੱਚ ਬਿਆਨ ਦੇ ਦਿੱਤਾ ਇਸ ਤਰਾਂ ਇਹ ਮਸਲਾ ਪੰਥਕ ਤੌਰ ਤੇ ਤਾਂ ਨਹੀਂ ਪ੍ਰੰਤੂ ਸਮਾਜਿਕ ਤੌਰ ਤੇ ਤਾਂ ਗੁੰਝਲਦਾਰ ਬਣ ਹੀ ਗਿਆ ਹੈ।ਕਤਲ ਤਾਂ ਹੋਇਆ ਇਸ ਉੱਤੇ ਕੋਈ ਵੀ ਟਿੱਪਣੀ ਕਿਸੇ ਵੀ ਪੱਖ ਤੋਂ ਕੀਤੀ ਜਾ ਸਕਦੀ। ਪ੍ਰੰਤੂ ਜਿਸ ਪੱਖ ਨੂੰ ਵਿਚਾਰਨ ਦੀ ਲੋੜ ਹੈ ਉਸ ਪਾਸੇ ਵੱਲ ਜਿਆਦਾ ਲੋਕਾਂ ਨੇ ਤਵੱਜੋ ਨਹੀਂ ਦਿੱਤੀ। ਉਹ ਇਹ ਕਿ ਭਾਈ ਮਹਿਰੋਂ ਨੇ ਹੁਣ ਤੱਕ ਜਿੰਨੇ ਵੀ ਮੁੱਦੇ ਚੁੱਕੇ ਉਹਨਾਂ ਵਿੱਚ ਉਸਦਾ ਆਪਣਾ ਨਿੱਜੀ ਕਈ ਮੁਫਾਦ ਨਹੀਂ ਜਾਪਦਾ। ਸਾਰੀਆਂ ਗੱਲਾਂ ਦਾ ਸਬੰਧ ਸਮਾਜ ਸੁਧਾਰ ਜਾਂ ਪੰਥਕ ਸਿਧਾਂਤਾਂ ਦੇ ਇਰਦ ਗਿਰਦਾ ਹੀ ਨਜ਼ਰ ਆਉਂਦਾ ਹੈ।


ਮਿਰਤਕ ਬੀਬੀ ਨੂੰ ਵੀ ਕਈ ਵਾਰ ਸਮਝਾਉਣ ਦੀ ਕੋਸ਼ਿਸ਼ ਕੀਤੀ ਦੱਸੀ ਜਾਂਦੀ ਹੈ। ਇਹ ਗਿਲਾ ਤਾਂ ਬਿਲਕੁਲ ਜਾਇਜ਼ ਹੈ ਕਿ ਕੰਚਨ ਕੁਮਾਰੀ ਤਿਵਾੜੀ ਕੁੱਝ ਵੀ ਕਰਦੀ, ਪ੍ਰੰਤੂ ਕਮਲ ਕੌਰ ਬਣ ਕੇ ਜੋ ਕੀਤਾ ਉਸਨੇ ਭਾਈ ਮਹਿਰੋਂ ਦੀ ਆਤਮਾ ਹੀ ਨਹੀਂ ਹੋਰ ਵੀ ਬਹੁਤ ਸਿੱਖਾਂ ਦੇ ਮਨ ਨੂੰ ਦਰਦ ਦਿੱਤਾ ਹੈ। ਫਿਰ ਭਾਈ ਮਹਿਰੋਂ ਨੀ ਬੀਬੀ ਕੰਚਨ ਨੂੰ ਸਮਝਾਉਣ ਦਾ ਯਤਨ ਵੀ ਕੀਤਾ। ਜੋ ਸ਼ੋਸ਼ਲ ਮੀਡੀਆ ਜਾਂ ਹੋਰ ਮਾਧਿਅਮ ਤੋਂ ਜਨਤਕ ਵੀ ਹੋਇਆ। ਕੀ ਇਸ ਦੀ ਜਾਣਕਾਰੀ ਪੁਲਿਸ ਨੂੰ ਪਹਿਲਾਂ ਨਹੀਂ ਸੀ ਕਿ ਇਹ ਮਾਮਲਾ ਕਤਲ ਤੱਕ ਪਹੁੰਚ ਸਕਦਾ ਹੈ?ਆਮ ਦੇਖਣ ਵਿੱਚ ਆਉਂਦਾ ਹੈ ਕਿ ਜਿੱਥੇ ਕੋਈ ਸਿੱਖ ਨੂੰ ਫਸਾਉਂਣਾ ਹੋਵੇ ਉੱਥੇ ਪੁਲਿਸ ਜਾਂ ਏਜੰਸੀਆਂ ਪਹਿਲਾਂ ਹੀ ਹਰਕਤ ਵਿੱਚ ਹੁੰਦੀਆਂ ਹਨ। ਜਿਵੇਂ ਕਿ ਵਿਦੇਸ਼ ਬੈਠੇ ਲੋਕਾਂ ਦੀ ਇਨਪੁੱਟ ਆ ਜਾਂਦੀ ਹੈ ਕਿ ਉਹ ਕੀ ਕਰਨ ਵਾਲੇ ਹਨ। ਜਿਸ ਨੂੰ ਲੈ ਕੇ ਕਈ ਲੋਕਾਂ ਦੇ ਸੋਸ਼ਲ ਮੀਡੀਆ ਖਾਤੇ ਤੁਰੰਤ ਬੰਦ ਕਰ ਦਿੱਤੇ ਜਾਂਦੇ ਹਨ ਅਤੇ ਉਹਨਾਂ ਦੀ ਭਾਲ ਸ਼ੁਰੂ ਹੋ ਜਾਂਦੀ ਹੈ। ਦੂਜੇ ਪਾਸੇ ਜਿਹੜੀ ਗੱਲ ਪੰਜਾਬ ਜਾਂ ਸਿੱਖਾਂ ਨੂੰ ਢਾਹ ਲਾਉਂਦੀ ਹੋਵੇ ਉਸ ਬਾਰੇ ਪੁਲਿਸ ਜਾਂ ਸਰਕਾਰਾਂ ਕਦੇ ਨੋਟਿਸ ਨਹੀਂ ਲੈਂਦੀਆਂ। ਸਰਕਾਰ ਲੱਚਰਤਾ ਫੈਲਾਉਣ ਵਾਲੇ ਖਾਤੇ ਬੰਦ ਕਰਨ ਤੋਂ ਕਿਉਂ ਝਿਜਕਦੀ ਹੈ ?



ਪ੍ਰੰਤੂ ਇੱਥੇ ਸਰਕਾਰ ਨੇ ਨਾ ਤਾਂ ਅਸ਼ਲੀਲ ਖਾਤੇ ਬੰਦ ਕੀਤੇ ਅਤੇ ਨਾ ਹੀ ਉਹਨਾਂ ਬੀਬੀਆਂ ਦੀ ਸੁਰੱਖਿਆ ਲਈ ਕੁਝ ਕੀਤਾ। ਫਿਰ ਇਸ ਘਟਨਾ ਦੀ ਜਿੰਮੇਵਾਰੀ ਕਿਸ ਉੱਤੇ ਆਉਂਦੀ ਹੈ ਕਿ ਕੰਚਨ ਉਹ ਕਮਲ ਭਾਬੀ ਦੇ ਕਤਲ ਕਰਨ ਲਈ ਉਸਦੀ ਲੱਚਰ ਅਦਾਕਾਰੀ ਜਾਂ ਪ੍ਰਸ਼ਾਸਨ ਅਤੇ ਸਰਕਾਰ ਦੀ ਲਾਪਰਵਾਹੀ ਜਾਂ ਬੇਈਮਾਨੀ ਜਾਂ ਭਾਈ ਮਹਿਰੋਂ ਜਾਂ ਹੋਰ ਸਿੱਖਾਂ ਦੇ ਜਜ਼ਬਾਤ ਜਿੰਮੇਵਾਰ ਹਨ। ਜਿਹਨਾਂ ਨੂੰ ਅੱਗ ਲਾਉਣ ਲਈ ਸਦਾ ਯਤਨ ਹੁੰਦੇ ਰਹਿੰਦੇ ਹਨ।ਇਹ ਵੀ ਬੜਾ ਦੁਖਦਾਈ ਪੱਖ ਹੈ ਕਿ ਜਦੋਂ ਕਿਸੇ ਸੁਧਾਰਵਾਦੀ ਸਿੱਖ ਦੇ ਚੁੱਕੇ ਕਦਮ ਤੋਂ ਬਾਅਦ ਸਰਕਾਰ ਕੋਈ ਜੁਲਮ ਕਰਦੀ ਹੈ ਤਾਂ ਉਦੋਂ ਬਾਕੀ ਧਿਰਾਂ ਮੋਨ ਧਾਰ ਜਾਂਦੀਆਂ ਹਨ। ਪ੍ਰੰਤੂ ਜੇ ਕੋਈ ਸਿੱਖ ਅੱਕ ਕੇ ਕਦਮ ਚੁੱਕਣ ਲਈ ਮਜਬੂਰ ਹੋਵੇ ਅਤੇ ਮੁਜਰਿਮ ਨਜ਼ਰ ਆਵੇ ਤਾਂ ਲੱਚਰਤਾ ਦੀ ਪਰਵਾਹ ਨਾ ਕਰਦੇ ਆਪਣੀ ਭੈਣ ਦੱਸਕੇ ਉਸਦੇ ਹੱਕ ਵਿੱਚ ਹੀ ਖੜ੍ਹੇ ਹੋ ਜਾਂਦੇ ਹਨ। ਇਸ ਲਈ ਬੇਸ਼ਕ ਕਾਨੂੰਨ ਦੀ ਨਜਰ ਵਿੱਚ ਭਾਈ ਮਹਿਰੋਂ ਮੁਜ਼ਰਿਮ ਹਨ। ਪ੍ਰੰਤੂ ਜਿਸ ਤਰ੍ਹਾਂ ਪੰਥਕ ਹਲਕਿਆਂ ਜਾਂ ਸਮਾਜ ਵਿੱਚੋਂ ਲੱਚਰਤਾ ਦੇ ਖਾਤਮੇ ਨੂੰ ਲੈ ਕੇ ਭਾਈ ਅੰਮ੍ਰਿਤਪਾਲ ਮਹਿਰੋਂ ਦੇ ਹੱਕ ਵਿੱਚ ਜੋ ਆਵਾਜ਼ ਉਠ ਰਹੀ ਹੈ। ਉਹ ਕਿਸੇ ਮਹਿਰਮ ਦੇ ਹੱਕ ਵਿੱਚ ਹੀ ਉੱਠ ਸਕਦੀ ਹੈ।-ਗੁਰਿੰਦਰਪਾਲ ਸਿੰਘ

# ਇੱਕ ਹੋਰ ਏਅਰ ਇੰਡੀਆ ਦੀ ਉਡਾਣ ‘ਚ ਪਿਆ ਤਕਨੀਕੀ ਨੁਕਸ:ਹਾਦਸਾ ਟਲਿਆ

ਮੁੰਬਈ:ਏਅਰ ਇੰਡੀਆ ਦੀ ਹਾਂਗਕਾਂਗ ਤੋਂ ਦਿੱਲੀ ਆ ਰਹੀ ਉਡਾਣ ਨੂੰ ਤਕਨੀਕੀ ਨੁਕਸ ਕਰਕੇ ਵਾਪਸ ਮੋੜ ਦਿੱਤਾ ਗਿਆ ਹੈ। ਸੂਤਰਾਂ ਮੁਤਾਬਕ ਜਹਾਜ਼ ਦੇ ਪਾਇਲਟ ਨੂੰ ਤਕਨੀਕੀ ਨੁਕਸ ਦਾ ਖ਼ਦਸ਼ਾ ਹੋਇਆ ਤਾਂ ਫਲਾਈਟ ਨੂੰ ਵਾਪਸ ਹਾਂਗਕਾਂਗ ਡਾਈਵਰਟ ਕਰਨ ਦਾ ਫੈਸਲਾ ਕੀਤਾ ਗਿਆ।ਸੂਤਰਾਂ ਨੇ ਕਿਹਾ ਕਿ ਉਡਾਣ ਹਾਂਗਕਾਂਗ ਹਵਾਈ ਅੱਡੇ ‘ਤੇ ਸੁਰੱਖਿਅਤ ਉੱਤਰ ਗਈ। ਯਾਤਰੀਆਂ ਨੂੰ ਉਤਾਰਨ ਮਗਰੋਂ ਜਹਾਜ਼ ਦੀ ਬਰੀਕੀ ਨਾਲ ਜਾਂਚ ਕੀਤੀਜਾ ਰਹੀ ਹੈ। ਏਅਰ ਇੰਡੀਆ ਦੀ ਉਡਾਣ ਸਥਾਨਕ ਸਮੇਂ ਮੁਤਾਬਕ ਬਾਅਦ ਦੁਪਹਿਰ 12:16 ਵਜੇ ਰਵਾਨਾ ਹੋਈ ਸੀ ਤੇ ਇਸ ਨੇ ਭਾਰਤੀ ਸਮੇਂ ਮੁਤਾਬਕ ਦਿੱਲੀ ਵਿਚ ਬਾਅਦ ਦੁਪਹਿਰ 12:20 ਵਜੇ ਉਤਰਨਾ ਸੀ। ਦੱਸ ਦੇਈਏ ਕਿ ਇਸ ਤੋਂ ਪਹਿਲਾਂ ਏਅਰਲਾਈਨ ਦੀ ਫਰੈਂਕਫਰਟ ਹੈਦਰਾਬਾਦ ਆ ਰਹੀ ਉਡਾਣ ਨੂੰ ਬੰਬ ਦੀ ਧਮਕੀ ਮਗਰੋਂ ਵਾਪਸ ਮੋੜ ਦਿੱਤਾ ਗਿਆ ਸੀ।


FIXMAN
GLASS REPAIR LTD
Auto
Residential
Commercial
“We Are The Clear Choice”
GLASS EXPRESS
Windshield Repair & Replacement
We do ICBC and Private Claims in Cars, Vans, SUV, Trucks & Taxis and Offer Mobile Service
• ਆਈ ਸੀ ਬੀ ਸੀ ਅਤੇ ਪ੍ਰਾਈਵੇਟ ਕਲੇਮ • ਕਾਰੀਗਿਰੀ, ਲੀਕਸ ਅਤੇ ਰਾਕ ਚਿਪਸ ਤੇ
• ਲਾਈਫਟਾਈਮ ਵਾਰੰਟੀ • ਮੋਬਾਈਲ ਸਰਵਿਸ • ਬੱਗ ਸਕਰੀਨ ਵੀ ਲਾਉਂਦੇ ਹਾਂ
• ਕਾਰ ਨੂੰ ਮੁਫਤ ਸਾਫ ਕਰਦੇ ਹਾਂ • ਚੱਕਣ ਅਤੇ ਛੱਡਣ ਦਾ ਵੀ ਪ੍ਰਬੰਧ ਹੈ
2 Locations Serves You
SURREY
#301-14640-64Ave Surrey
Ph:604-657-0003
LANGLEY
#102-5968 205A St
Ph:778-258-3000

Mandeep Dhaliwal
www.fixmanglass.com Email:fixmanglass@gmail.com



ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ
www.singhsabhasurrey.com
8115, 132 ਸਟਰੀਟ, ਸਰੀ, ਬੀ.ਸੀ. V3W 4N5

**ਗੁਰਦੁਆਰਾ ਸਾਹਿਬ ਦੇ ਹਰ ਰੋਜ਼ ਦੇ ਪ੍ਰੋਗਰਾਮ**

ਸਵੇਰੇ
ਦਰਵਾਜ਼ੇ ਖੁੱਲ੍ਹਣ ਦਾ ਸਮਾਂ ਅਤੇ ਪ੍ਰਕਾਸ਼ ਗੁਰੂ ਗ੍ਰੰਥ ਸਾਹਿਬ ਜੀ: 4.00 ਵਜੇ
ਸਹਿਜ ਪਾਠ:4.30-6.00 ਵਜੇ
ਆਸਾ ਕੀ ਵਾਰ: 6.00-7.45
ਅਰਦਾਸ/ਹੁਕਮਨਾਮਾ:7.45-8.00 ਵਜੇ
ਕਥਾ ਹੁਕਮਨਾਮਾ: 8:00-8:30 ਵਜੇ
ਕੀਰਤਨ:8.30-9.40 ਵਜੇ
ਕਥਾ:9.40-10.30 ਵਜੇ
ਢਾਡੀ:10.30-11.30
ਸਮਾਪਤੀ
ਸ਼ਾਮ ਦੇ ਦੀਵਾਨ
ਚੌਂਕੀ ਸੋਦਰ: 4.30-5.00
ਪਾਠ ਸੋਦਰ:5.00-5.30
ਗੁਰਬਾਣੀ ਕੀਰਤਨ:5.30-6.40
ਕਥਾ:6.40-7.15
ਢਾਡੀ:7.15-8.00
ਸਮਾਪਤੀ

**ਸੁਖਮਨੀ ਸਾਹਿਬ ਦਾ ਪਾਠ ਅਤੇ ਸਿਮਰਨ**
ਬੀਬੀਆਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ: ਹਰ ਮੰਗਲਵਾਰ 11.30 ਤੋਂ 1.30 ਵਜੇ ਤੱਕ

ਇਸ ਹਫਤੇ ਗੁਰਦੁਆਰਾ ਸਾਹਿਬ ਵਿਖੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਅਤੇ ਭਗਤ ਕਬੀਰ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ ਜਾਵੇਗਾ ਅਤੇ ਤਿੰਨ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ 1)ਨਗਰ ਪੁਆਦੜਾ ਦੀ ਸੰਗਤ ਵੱਲੋਂ 2)ਭਾਈ ਗੁਰਪ੍ਰੀਤ ਸਿੰਘ ਬੱਲ ਪਰਿਵਾਰ ਵੱਲੋਂ 3)ਭਾਈ ਚੰਚਲ ਸਿੰਘ ਹੀਰ ਪਰਿਵਾਰ ਵੱਲੋਂ ਹੋਵੇਗੀ।



ਇਹ ਅਖੰਡ ਪਾਠ 20 ਜੂਨ ਦਿਨ ਸ਼ੁੱਕਰਵਾਰ ਸਵੇਰੇ 9:30 ਵਜੇ ਅਰੰਭ ਹੋਣਗੇ ਜਿਨ੍ਹਾਂ ਦੇ ਭੋਗ 22 ਜੂਨ ਦਿਨ ਐਤਵਾਰ ਸਵੇਰੇ 9:30 ਵਜੇ ਪੈਣਗੇ। ਉਪਰੰਤ ਹਫਤਾਵਰੀ ਦੀਵਾਨ ਸਜਾਏ ਜਾਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ।

- 20 ਜੂਨ ਦਿਨ ਸ਼ੁੱਕਰਵਾਰ ਸਵੇਰੇ 10 ਵਜੇ ਭਾਈ ਕੁਲਵਿੰਦਰ ਸਿੰਘ ਪ੍ਰਵਾਰ ਵੱਲੋਂ ਅਨੰਦ ਕਾਰਜ ਦੀ ਸੇਵਾ ਹੋਵੇਗੀ।
- 20 ਜੂਨ ਦਿਨ ਸ਼ੁੱਕਰਵਾਰ ਸ਼ਾਮ 3:30 ਵਜੇ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਪ੍ਰਵਾਰ ਵੱਲੋਂ ਹੋਵੇਗੀ।
- 21 ਜੂਨ ਦਿਨ ਸ਼ਨਿੱਚਰਵਾਰ ਸਵੇਰੇ 10 ਵਜੇ ਕਾਕਾ ਕਰਨਜੀਤ ਸਿੰਘ ਬੁੱਟਰ ਬੱਚੀ ਸ਼ਰਨਜੀਤ ਕੌਰ ਦੇ ਅਨੰਦ ਕਾਰਜ ਦੀ ਸੇਵਾ ਹੋਵੇਗੀ।
- 21 ਜੂਨ ਦਿਨ ਸ਼ਨਿੱਚਰਵਾਰ ਸ਼ਾਮ 3:30 ਵਜੇ 3 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਹੋਵੇਗੀ: 1)ਭਾਈ ਮਨਜੀਤ ਸਿੰਘ ਪਰਹਾਰ 2)ਭਾਈ ਮਨਦੀਪ ਸਿੰਘ 3)ਭਾਈ ਗੁਰਦੇਵ ਸਿੰਘ
- 22 ਜੂਨ ਦਿਨ ਐਤਵਾਰ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ 2 ਪਰਿਵਾਰਾਂ ਵੱਲੋਂ ਹੋਵੇਗੀ: 1)ਭਾਈ ਬਲਵਿੰਦਰ ਸਿੰਘ ਰੋਡੇ 2)ਭਾਈ ਪ੍ਰਭਜੋਤ ਸਿੰਘ
- 22 ਜੂਨ ਦਿਨ ਐਤਵਾਰ ਅੰਤਿਮ ਸਸਕਾਰ ਸਵ. ਭਾਈ ਦਰਸ਼ਨ ਸਿੰਘ ਮਾਨ ਦਾ ਰਿਵਰਸਾਇਡ ਫਿਊਨਰਲ ਹੋਮ ਵਿਖੇ ਦੁਪਹਿਰ 2:30 ਵਜੇ ਹੋਵੇਗਾ, ਉਪਰੰਤ ਸ਼ਾਮ 4 ਵਜੇ ਸਿੰਘ ਸਭਾ ਗੁਰਦੁਆਰਾ ਸਾਹਿਬ ਵਿਖੇ ਭੋਗ ਪਾਏ ਜਾਣਗੇ ਅਤੇ ਅੰਤਿਮ ਅਰਦਾਸ ਹੋਵੇਗੀ।
- 22 ਜੂਨ ਦਿਨ ਐਤਵਾਰ ਸ਼ਾਮ 3:30 ਵਜੇ 4 ਪਰਿਵਾਰਾਂ ਵੱਲੋਂ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਹੋਵੇਗੀ: 1)ਭਾਈ ਜਸਵਿੰਦਰ ਸਿੰਘ 2)ਭਾਈ ਗੁਰਮੀਤ ਸਿੰਘ ਢੇਸੀ 3)ਭਾਈ ਤਜਿੰਦਰ ਸਿੰਘ ਦੂਲੇ 4)ਭਾਈ ਸਰਬਜੀਤ ਸਿੰਘ ਲਾਲੀ ਪ੍ਰਵਾਰਾਂ ਵੱਲੋਂ ਹੋਵੇਗੀ।
- 23 ਜੂਨ ਦਿਨ ਸੋਮਵਾਰ ਸਵੇਰੇ 9:30 ਵਜੇ ਸੁਖਮਨੀ ਸਾਹਿਬ ਦੇ ਪਾਠ, ਲੰਗਰ ਅਤੇ ਕੀਰਤਨ ਦੀ ਸੇਵਾ ਬੱਚੀ ਕੋਮਲ ਕੌਰ ਪ੍ਰਵਾਰ ਵੱਲੋਂ ਹੋਵੇਗੀ।

**ਵਿਸ਼ੇਸ਼ ਨੋਟ:ਸੋਮਵਾਰ ਤੋਂ ਵੀਰਵਾਰ ਸੰਥਿਆ ਕਲਾਸ ਅਤੇ ਵਿਆਕਰਣ ਕਲਾਸ ਸ਼ਾਮ 7-8 ਵਜੇ ਤੱਕ**

ਰਾਗੀ ਜਥੇ:ਭਾਈ ਗੁਰਜੀਤ ਸਿੰਘ ਅੰਮ੍ਰਿਤਸਰ ਵਾਲੇ ਭਾਈ ਪ੍ਰਿਤਪਾਲ ਸਿੰਘ ਬੰਗਲਾ ਸਾਹਿਬ ਵਾਲੇ
ਕਥਾਵਾਚਕ:ਭਾਈ ਗੁਰਸ਼ਰਨ ਸਿੰਘ ਚੀਮਾ
ਢਾਡੀ ਜਥਾ:ਭਾਈ ਮਨਜੀਤ ਸਿੰਘ ਰਾਹੀ

**ਕਿਸੇ ਪਰਿਵਾਰ ਨੇ ਕੋਈ ਵੀ ਪ੍ਰੋਗਰਾਮ ਬੁੱਕ ਕਰਵਾਉਣਾ ਹੋਵੇ ਤਾਂ ਪ੍ਰਬੰਧਕਾਂ ਨਾਲ ਸੰਪਰਕ ਕਰੋ**
**ਫੋਨ:604-590-3232, 604-590-3224**

# ਕਨੇਡੀਅਨ ਰੀਅਲ ਅਸਟੇਟ ਬਾਜ਼ਾਰ ਵਿਚ ਰੌਣਕਾਂ ਦੇ ਸੰਕੇਤ

ਟੋਰਾਂਟੋ: ਕੈਨੇਡਾ ਦੇ ਰੀਅਲ ਅਸਟੇਟ ਬਾਜ਼ਾਰ ਵਿਚ ਮਈ ਦੌਰਾਨ ਰੌਣਕਾਂ ਪਰਤਦੀਆਂ ਮਹਿਸੂਸ ਹੋਈਆਂ ਜਦੋਂ ਅਪ੍ਰੈਲ ਦੇ ਮੁਕਾਬਲੇ ਘਰਾਂ ਦੀ ਵਿਕਰੀ 3.6 ਫ਼ੀ ਸਦੀ ਵਧ ਗਈ। ਕੈਨੇਡੀਅਨ ਰੀਅਲ ਅਸਟੇਟ ਐਸੋਸੀਏਸ਼ਨ ਨੇ ਦੱਸਿਆ ਕਿ ਪਿਛਲੇ ਮਹੀਨੇ 49,423 ਰਿਹਾਇਸ਼ੀ ਜਾਇਦਾਦਾਂ ਦੀ ਮਾਲਕੀਅਤ ਵਿਚ ਤਬਦੀਲੀ ਆਈ ਜਦਕਿ ਮਈ 2024 ਵਿਚ ਇਹ ਅੰਕੜਾ 51,642 ਦਰਜ ਕੀਤਾ ਗਿਆ। ਗਰੇਟਰ ਟੋਰਾਂਟੋ ਏਰੀਆ ਦੇ ਰੀਅਲ ਅਸਟੇਟ ਕਾਰੋਬਾਰੀਆਂ ਦਾ ਕਹਿਣਾ ਹੈ ਕਿ ਫਿਲਹਾਲ ਬਾਜ਼ਾਰ ਵਿਚ ਆਈ ਤੇਜ਼ੀ ਮਾਮੂਲੀ ਹੈ ਅਤੇ ਇਸ ਨੂੰ ਵਧਾ-ਚੜ੍ਹਾ ਕੇ ਪੇਸ਼ ਨਹੀਂ ਕੀਤਾ ਜਾਣਾ ਚਾਹੀਦਾ। ਰੀਅਲ ਅਸਟੇਟ ਦੇ ਜਾਣਕਾਰਾਂ ਦਾ ਕਹਿਣਾ ਹੈ ਕਿ ਆਉਣ ਵਾਲੇ ਮਹੀਨਿਆਂ ਦੌਰਾਨ ਵਧੇਰੇ ਸਥਿਰਤਾ ਨਜ਼ਰ ਆ ਸਕਦੀ ਹੈ ਪਰ ਯਕੀਨੀ ਤੌਰ 'ਤੇ ਕੁਝ ਵੀ ਕਹਿਣਾ ਸੰਭਵ ਨਹੀਂ। ਕੌਮਾਂਤਰੀ ਪੱਧਰ 'ਤੇ ਚੱਲ ਰਹੇ ਯੁੱਧ, ਕਾਰੋਬਾਰੀ ਖਿੱਚੋਤਾਣ ਅਤੇ ਫੈਡਰਲ ਸਰਕਾਰ ਵੱਲੋਂ ਲਏ ਜਾਣ ਵਾਲੇ ਫੈਸਲੇ ਖਰੀਦਾਰਾਂ ਅਤੇ ਵੇਚਣ ਵਾਲਿਆਂ ਦੇ ਰੁਝਾਨ ਨੂੰ ਪ੍ਰਭਾਵਤ ਕਰ ਸਕਦੇ ਹਨ। ਕੁਲ ਮਿਲਾ ਕੇ ਦੇਖਿਆ ਜਾਵੇ ਤਾਂ ਰੀਅਲ ਅਸਟੇਟ ਖੇਤਰ ਵਿਚ ਮੁਕੰਮਲ ਵਿਸ਼ਵਾਸ ਬਹਾਲੀ ਹੋਣੀ ਹਾਲੇ ਬਾਕੀ ਹੈ ਅਤੇ ਇਸ ਬਾਰੇ ਸਮਾਂ ਹੱਦ ਤੈਅ ਕਰਨੀ ਮੁਸ਼ਕਲ ਹੈ।


## ਵਰਕਰਾਂ ਦੀ ਲੋੜ

ਪਿਟਮੀਡੋ ਵਿਚ ਗਰੇਟ ਵੈਸਟ ਬਲਿਊਬੇਰੀ ਫਾਰਮ (ਗਰੇਵਾਲ ਅਤੇ ਤੂਰ ਫਾਰਮਜ਼) ਵਾਲਿਆਂ ਨੂੰ (ਡਿਊਕ, ਬਲੂ ਕਰਾਪ, ਐਲੀਅਟ, ਡਰੇਪਰ, ਲਿਬਰਟੀ) ਬੇਰੀ ਤੋੜਨ ਲਈ ਵਰਕਰਾਂ ਦੀ ਲੋੜ ਹੈ। ਤਨਖਾਹ ਹਰ ਦੋ ਹਫਤੇ ਬਾਅਦ ਦਿੱਤੀ ਜਾਵੇਗੀ। ਸਰੀ/ਡੈਲਟਾ ਤੋਂ ਰਾਈਡ ਦਾ ਪ੍ਰਬੰਧ ਹੋਵੇਗਾ। ਸਟੂਡੈਂਟ ਅਤੇ 15 ਸਾਲ ਤੋਂ ਵੱਧ ਉਮਰ ਵਾਲੇ ਬੱਚੇ ਵੀ ਕੰਮ ਕਰ ਸਕਦੇ ਹਨ। ਆਪਣੀ ਰਾਈਡ ਵਾਲਿਆਂ ਨੂੰ ਪਹਿਲ ਅਤੇ ਵਧੇਰੇ ਰੇਟ, ਬੇਰੀ ਟੁੱਟਣ ਤੋਂ ਬਾਅਦ ਬੇਰੀ ਕੱਟਣ ਦਾ ਕੰਮ ਵੀ ਚੱਲੇਗਾ।

**ਸਾਨੂੰ ਕਲਾਸ 4 ਡਰਾਈਵਰਾਂ ਦੀ ਵੀ ਲੋੜ ਹੈ।**


**ਵਧੇਰੇ ਜਾਣਕਾਰੀ ਲਈ ਸੰਪਰਕ ਕਰੋ**

ਸੁਰਜੀਤ ਗਰੇਵਾਲ 604-722-9293

ਨਗਿੰਦਰ ਤੂਰ 604-724-7410

## SUPER SANDHU

ਸਾਨੂੰ ਕੈਨਰੀ, ਨਰਸਰੀ ਅਤੇ ਗਰੀਨ ਹਾਊਸ ਵਿਚ ਕੰਮ ਕਰਨ ਲਈ ਵਰਕਰਾਂ ਦੀ ਲੋੜ ਹੈ।



**ਸਾਡੇ ਨਾਲ ਅੱਜ ਹੀ ਸੰਪਰਕ ਕਰੋ**

Gary Varing: 604-807-3910 | Charlie Sandhu: 604-864-7711

## Rai Express Lines Ltd.



**Hiring**

Team Owner Operators
- All miles paid
- Year round work
- Criminal record check
- Flexible time off
- On site maintenance/wash facility
- Family atmosphere
- Direct deposit



Karnail Singh Rai
President

**Call today 604-503-6900**

Email-kal@raiexpresslines.com www. raiexpressline.com

Unit 125-7475 135th Street, BC V3W 0M8


## BEST IDEA
KITCHEN CABINETS LTD.



RESIDENTIAL & COMMERCIAL

*Quality Workmanship *Reasonable Rates *Satisfaction Guaranteed

***We Specialize In:***
*Custom Kitchen Cabinets
*Bathroom Vanities
*Fire Places *Bars
*Entertainment Units



For Free Estimates: Jasbir Thind:778-991-1233

Email:bestideakitchencabinets.ca

#107-12677-80Ave Surrey, BC V3W 3A6

**Ph: 604.593.5276** Fax: 604.593.5736

# ਪਾਕਿਸਤਾਨ ਨਾਲ ਗੱਲਬਾਤ ਸ਼ੁਰੂ ਕਰੇ ਭਾਰਤ:ਬਿਲਾਵਲ ਭੁੱਟੋ

ਇਸਲਾਮਾਬਾਦ:-ਪਾਕਿਸਤਾਨ ਪੀਪਲਜ਼ ਪਾਰਟੀ (ਪੀਪੀਪੀ) ਦੇ ਮੁਖੀ ਬਿਲਾਵਲ ਭੁੱਟੋ ਜ਼ਰਦਾਰੀ ਨੇ ਭਾਰਤ ਨੂੰ ਵਾਰਤਾ ਸ਼ੁਰੂ ਕਰਨ ਦੀ ਅਪੀਲ ਕਰਦਿਆਂ ਕਿਹਾ ਕਿ ਦੋਵਾਂ ਦੇਸ਼ਾਂ ਵਿਚਾਲੇ ਲਟਕ ਰਹੇ ਮਸਲਿਆਂ ਦਾ ਹੱਲ ਸਿਰਫ਼ ਆਪਸੀ ਗੱਲਬਾਤ ਰਾਹੀਂ ਹੀ ਹੋ ਸਕਦਾ ਹੈ।ਮੀਡੀਆ ਅਨੁਸਾਰ ਪੱਛਮੀ ਮੁਲਕਾਂ ਦੀ ਯਾਤਰਾ ’ਤੇ ਗਏ ਸੰਸਦ ਮੈਂਬਰਾਂ ਦੇ ਵਫ਼ਦ ਦੀ ਅਗਵਾਈ ਕਰ ਰਹੇ ਬਿਲਾਵਲ ਨੇ ਅੱਜ ਬ੍ਰੱਸਲਜ਼ ਦੀ ਯਾਤਰਾ ਦੌਰਾਨ ਜਰਮਨ ਬਰਾਡਕਾਸਟਰ ‘ਡੀਡਬਲਿਊ ਉਰਦੂ’ ਨਾਲ ਇੰਟਰਵਿਊ ਦੌਰਾਨ ਇਹ ਟਿੱਪਣੀ ਕੀਤੀ। ਉਨ੍ਹਾਂ ਕਿਹਾ, ‘ਪਾਕਿਸਤਾਨ ਤੇ ਭਾਰਤ ਵਿਚਾਲੇ ਲਟਕ ਰਹੇ ਮੁੱਦਿਆਂ ਨੂੰ ਸਿਰਫ਼ ਆਪਸੀ ਗੱਲਬਾਤ ਰਾਹੀਂ ਹੀ ਸੁਲਝਾਇਆ ਜਾ ਸਕਦਾ ਹੈ, ਜੇ ਭਾਰਤ ਗੱਲਬਾਤ ਦੀ ਮੇਜ਼ ’ਤੇ ਨਹੀਂ ਆਉਂਦਾ ਤਾਂ ਇਹ ਉਸ ਦੇ ਹਿੱਤ ’ਚ ਨਹੀਂ ਹੋਵੇਗਾ।’ ਸਾਬਕਾ ਵਿਦੇਸ਼ ਮੰਤਰੀ ਨੇ ਚਿਤਾਵਨੀ ਦਿੱਤੀ ਕਿ ਭਾਰਤ ਵੱਲੋਂ ਪਾਕਿਸਤਾਨ ਦੀ ਜਲ ਸਪਲਾਈ ਰੋਕਣ ਦੀ ਕਿਸੇ ਵੀ ਕੋਸ਼ਿਸ਼ ਨੂੰ ਹੋਂਦ ਲਈ ਖਤਰਾ ਮੰਨਿਆ ਜਾਵੇਗਾ, ਜਿਸ ਨਾਲ ਪਾਕਿਸਤਾਨ ਕੋਲ ਜੰਗ ਤੋਂ ਇਲਾਵਾ ਕੋਈ ਰਾਹ ਨਹੀਂ ਬਚੇਗਾ। ਇੱਕ ਦਿਨ ਪਹਿਲਾਂ ਬਿਲਾਵਲ ਨੇ ਕੌਮਾਂਤਰੀ ਭਾਈਚਾਰੇ ਨੂੰ ਭਾਰਤ ਨੂੰ ਗੱਲਬਾਤ ਦੀ ਮੇਜ਼ ’ਤੇ ਲਿਆਉਣ ਤੇ ਮੁਕੰਮਲ ਵਾਰਤਾ ਰਾਹੀਂ ਦੱਖਣੀ ਏਸ਼ੀਆ ’ਚ ਸਥਾਈ ਸ਼ਾਂਤੀ ਯਕੀਨੀ ਬਣਾਉਣ ’ਚ ਆਪਣੀ ਭੂਮਿਕਾ ਨਿਭਾਉਣ ਦੀ ਅਪੀਲ ਕੀਤੀ ਸੀ, ਜਿਸ ’ਚ ਕਸ਼ਮੀਰ ਮਸਲੇ, ਪਾਣੀਆਂ ਦੇ ਮਸਲੇ ਤੇ ਅਤਿਵਾਦ ਦਾ ਹੱਲ ਵੀ ਸ਼ਾਮਲ ਹੈ। ਜ਼ਿਕਰਯੋਗ ਹੈ ਕਿ ਭਾਰਤ ਨੇ ਸਪੱਸ਼ਟ ਕੀਤਾ ਹੋਇਆ ਹੈ ਕਿ ਉਹ ਪਾਕਿਸਤਾਨ ਨਾਲ ਸਿਰਫ਼ ਮਕਬੂਜ਼ਾ ਕਸ਼ਮੀਰ ਦੀ ਵਾਪਸੀ ਤੇ ਅਤਿਵਾਦ ਦੇ ਮੁੱਦੇ ’ਤੇ ਹੀ ਗੱਲਬਾਤ ਕਰੇਗਾ।

THE CARPLAZA
CAR ACCESSORIES
All Types Of Car Accessories & Installation Available
ਇਥੋਂ ਤੁਸੀਂ ਹਰੇਕ ਤਰ੍ਹਾਂ ਦੀ Car Accessory ਲੈ ਸਕਦੇ ਹੋ

*Seat Covers *Matts
*Woofers & Ambient Lights
*Android Car Player Available

Especially For Uber & Lyft Camera
778-977-0032, 778-713-6949
#5-12357-82A Ave, Surrey, BC

FRASERVIEW MEATS
The Name of Guaranteed Quality Meats

Number One Quality Meat in Lower Mainland
We also sell cooked chicken We take orders for all occassion
Serving You Since 1993

Jagir S. Nagra
Try our Special Chicken Tikkar
604-592-2900
#102-12047-80th Ave. Surrey (Besides Mega Fruticana)
www.fraserviewmeats.com

ਕੇਟਰਿੰਗ ਦੀ ਦੁਨੀਆ ਵਿਚ ਮੰਨਿਆ ਪ੍ਰਮੰਨਿਆ ਨਾਮ
ਸ਼ਾਹੀ ਕੇਟਰਿੰਗ ਸਵੀਟਸ & ਬੈਂਕੁਇਟ ਹਾਲ
ਹਰ ਪ੍ਰਕਾਰ ਦੀ ਤਾਜਾ ਸਵਾਦਲੀ ਮਠਿਆਈ ਵਧੀਆ ਰੇਟ ਤੇ ਖਰੀਦੋ
ਅਸੀਂ ਈਟਾਲੀਅਨ, ਗਰੀਕ ਅਤੇ ਜਰਮਨ ਡਿਸ਼ਿਜ ਵੀ ਤਿਆਰ ਕਰਦੇ ਹਾਂ

ਬੈਂਕੁਇਟ ਹਾਲ 150 ਸੀਟਾਂ ਵਾਲਾ
ਘਰ ਆ ਕੇ ਤੰਦੂਰ ਲਾ ਕੇ ਬਾਰਬੀਕਿਯੂ ਅਤੇ ਕੇਟਰਿੰਗ ਵੀ ਕਰਦੇ ਹਾਂ


50 ਤੋਂ ਲੈ ਕੇ 1000 ਬੰਦਿਆਂ ਤੱਕ ਦੀ ਪਾਰਟੀ ਦੀ ਕੇਟਰਿੰਗ ਕਰਦੇ ਹਾਂ
ਗੁਰਦੁਆਰਾ ਸਾਹਿਬ ਲਈ ਸਪੈਸ਼ਲ ਰੇਟ

ਕੁਲਵਿੰਦਰ ਸਿੰਘ ਪੂਨੀ
12815, 85 Ave Surrey BC. | www.shahicaterers.ca | Email: kspooni95@hotmail.de
778-928-4522, 778-565-4141, 778-565-3232


ਸੋਫਾ ਫੈਕਟਰੀ
LOWEST PRICES IN TOWN
ਸਟੋਰ ਤੇ ਆ ਕੇ ਵੇਖੋ
Biggest Sale of the Year
ਇੱਥੇ ਹਰ ਤਰਾਂ ਦੇ ਟਰੱਕਾਂ ਦੇ ਮੇਟਰੈਸ ਅਤੇ ਫੋਮ ਦੇ ਗੱਦੇ ਮਿਲਦੇ ਹਨ।
2 PCS SOFA & LOVE SEAT $1650
2 PCS SOFA & LOVE SEAT $1650
ਤੁਹਾਡੇ ਘਰ ਆ ਕੇ ਮਿਣਤੀ ਕਰ ਕੇ ਕਸਟਮ ਸੈਕਸ਼ਨਲ ਬਣਾਉਂਦੇ ਹਾਂ। ਤੁਸੀਂ ਆਪਣੀ ਮਰਜ਼ੀ ਦਾ ਕੱਪੜਾ ਤੇ ਰੰਗ ਸਿਲੈਕਟ ਕਰ ਸਕਦੇ ਹੋ
ਕੈਨੇਡਾ ਦੇ ਬਣੇ ਹੋਏ ਬਾਕਸ ਬੈੱਡ ਅਤੇ ਫੋਮ ਦੇ ਮੈਟਰਸ ਕਿਸੇ ਵੀ ਸਾਇਜ ਵਿਚ ਮਿਲਦੇ ਹਨ
B&B FURNITURE
12732-80TH AVE. SURREY
604.594.6533
ਪੰਜਾਬ ਕਲਾਥ ਦੇ ਬਿਲਕੁਲ ਸਾਹਮਣੇ


+91 77175-02848
+91 98146-12006
+91 99882-68982
GE
+1 778-899-1576
+1 778-207-8100
EAGLE EYE
PICK & DROP
TAXI SERVICE
CAR RENTALS & TAXI SERVICE
24 HOURS DELHI AIRPORT SERVICE
ONE WAY TAXI
SELF DRIVE
TOUR PACKAGES
Long Route Tour Packages Available With Urbania 17 Seater
SURREY: #256 12899-76Ave
KHANNA: Near Shri Saraswati Sanskrit College Samadhi Rd
ਦਿੱਲੀ, ਚੰਡੀਗੜ੍ਹ, ਅੰਮ੍ਰਿਤਸਰ ਏਅਰਪੋਰਟ ਤੋਂ ਸਾਰੇ ਪੰਜਾਬ ਵਿਚ ਸਰਵਿਸ ਦਿੰਦੇ ਹਾਂ
ਫਗਵਾੜਾ
ਜਲੰਧਰ
ਨਕੋਦਰ
ਮੋਗਾ
ਅੰਮ੍ਰਿਤਸਰ
ਨਵਾਂ ਸ਼ਹਿਰ
ਲੁਧਿਆਣਾ
ਚੰਡੀਗੜ੍ਹ
ਫਿਲੌਰ
BOOK NOW!
24/7 CUSTOMER SUPPORT
*ਦਿੱਲੀ ਤੋਂ ਪੰਜਾਬ ਵਨ ਵੇਅ ਸਰਵਿਸ
*ਟਰੈਕਿੰਗ ਸਿਸਟਮ
*24 ਘੰਟੇ ਸਰਵਿਸ
WE OFFER VARIETY OF CARS
OPTION FOR YOUR COMFORT
*ਵੱਡੇ ਪਰਿਵਾਰ ਜਾਂ ਛੋਟੇ ਪਰਿਵਾਰ ਲਈ ਗੱਡੀ
*ਡਰਾਈਵਰ ਜਾਂ ਬਿਨਾ ਡਰਾਈਵਰ ਤੋਂ ਗੱਡੀ ਲੈ ਸਕਦੇ ਹੋ
BOOK CAR RENTALS
UPDOWN 160 DOLLAR TILL LUDHIANA
UPDOWN 200 DOLLAR TILL JALANDHAR
UPDOWN 300 DOLLAR TILL AMRITSAR
TAXI
ONE WAY TAXI SERVICES
FROM DELHI AIRPORT
JALANDHAR
LUDHIANA
HOSHIARPUR
CHANDIGARH
AMRITSAR
MOGA
BEST RATES